53

# ਖ਼ੁਦਾ ਹਮੇਸ਼ਾ ਆਪਣਾ ਵਚਨ ਨਿਭਾਉਂਦਾ ਹੈ !

(18:9-22)

ਸੂਰਜ ਚਮਕਣ ਦੇ ਬਾਵਜੂਦ ਹਵਾ ਵਿਚ ਠੰਡਕ ਸੀ। ਅਕਤੂਬਰ 1989 ਦੀ ਗੱਲ ਹੈ, ਜਦ ਸਾਡੀ ਛੋਟੀ ਜਿਹੀ ਟੋਲੀ ਅਗੋਰਾ [ਜਿਹਨੂੰ ਪੰਜਾਬੀ ਬਾਈਬਲ ਵਿਚ ''ਬਜ਼ਾਰ'' ਕਿਹਾ ਗਿਆ ਹੈ-ਅਨੁਵਾਦਕ], ਦੇ ਖੰਡਰਾਂ ਵਿਚ ਇਕੱਠੀ ਹੋਈ ਸੀ। ਮੈਂ ਗਲੀਓ ਦੇ ਸਾਹਮਣੇ ਪੌਲੁਸ ਦਾ ਮੁਕੱਦਮਾ ਪੜ੍ਹਨ ਲਈ ਦੂਜਿਆਂ ਨਾਲ ਖੜਾ ਸਾਂ। ਮੇਰੇ ਪਿੱਛੇ ਬੇਮਾ, ਭਾਵ ਪੱਥਰ ਦਾ ਉਹ ਚਬੂਤਰਾ ਸੀ ਜਿਸ ਉੱਤੇ ਬੈਠ ਕੇ ਨਾਮੀ ਰੋਮੀ ਨਿਆਂ ਕਰਦੇ ਸਨ। ਬੇਮਾ ਦੇ ਪਿੱਛੇ ਅਸਮਾਨ ਨੂੰ ਛੂਹੰਦਾ ਅਕਰੋ-ਕੁਰਿੰਥ ਸੀ। ਮੈਂ ਆਪਣਾ ਗਲਾ ਸਾਫ਼ ਕਰਕੇ ਬੋਲਣ ਲੱਗਾ: ''ਜਦ ਗਲੀਓ ਅਖਾਇਆ ਦੇਸ਼ ਦਾ ਹਾਕਮ ਸੀ ਤਾਂ ਯਹੂਦੀ ਲੋਕ ਇਕ ਮੱਤ ਹੋ ਕੇ ਪੌਲੁਸ ਉੱਤੇ ਚੜ੍ਹ ਆਏ, ਅਤੇ ਉਹਨੂੰ ਨਿਆਂ ਦੀ ਗੱਦੀ ਕੋਲ ਲੈ ਆਏ। ...''

ਜਿਸ ਮੁਸਾਫ਼ਰ ਟੋਲੀ ਨਾਲ ਮੈਂ ਘੁੰਮ ਰਿਹਾ ਸਾਂ ਉਹ ਕੁਰਿੰਥੁਸ ਵਿਚ ਉਸ ਜਗ੍ਹਾ ਪਹੁੰਚ ਗਈ ਜੋ ਪੌਲੁਸ ਦੇ ਸਭ ਤੋਂ ਪ੍ਰਸਿੱਧ ਕੰਮਾਂ ਲਈ ਮਸ਼ਹੂਰ ਹੈ। ਆਪਣੀਆਂ ਤਿੰਨ ਮਿਸ਼ਨਰੀ ਯਾਤਰਾਵਾਂ ਦੌਰਾਨ ਪੌਲੁਸ ਨੇ ਦੋ ਸਭ ਤੋਂ ਵੱਡੇ ਸ਼ਹਿਰਾਂ ਯਾਨੀ ਕੁਰਿੰਥੁਸ ਅਤੇ ਅਫ਼ਸੁਸ ਵਿਚ ਕੰਮ ਕੀਤਾ ਸੀ। ਉਹਨੇ ਕੁਰਿੰਥੁਸ ਵਿਚ ਘੱਟੋ-ਘੱਟ ਡੇਢ ਸਾਲ ਅਤੇ ਅਫ਼ਸੁਸ ਵਿਚ ਦੋ ਤੋਂ ਵੱਧ ਸਾਲ ਬਿਤਾਏ।

ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਪੌਲੁਸ ਨੇ ਡਰ ਅਤੇ ਸ਼ੱਕ ਨਾਲ ਸੰਘਰਸ਼ ਕਰਦੇ ਹੋਏ ਕੁਰਿੰਥੁਸ ਵਿਚ ਆਪਣੀ ਸੇਵਕਾਈ ਦਾ ਕੰਮ ਸ਼ੁਰੂ ਕੀਤਾ ਸੀ। ਪਿਛਲੇ ਪਾਠ ਦੇ ਅਖ਼ੀਰ ਵਿਚ ਅਸੀਂ ਪੌਲੁਸ ਨੂੰ ਯਿਸੂ ਵੱਲੋਂ ਦਰਸ਼ਨ ਦੇ ਕੇ ਖ਼ੁਦਾਈ ਭਰੋਸਾ ਦਿੰਦੇ ਵੇਖਿਆ ਸੀ। ਇਸ ਪਾਠ ਵਿਚ ਅਸੀਂ ਪੌਲੁਸ ਨੂੰ ਦਿੱਤੇ ਵਾਅਦਿਆਂ ਅਤੇ ਉਨ੍ਹਾਂ ਦੇ ਪੂਰਾ ਹੋਣ ਤੇ ਗੌਰ ਕਰਨ ਨਾਲ ਸ਼ੁਰੂ ਕਰਾਂਗੇ। ਇਸ ਵਿਚ ਸਾਡੇ ਲਈ ਇਹ ਸੁਨੇਹਾ ਹੈ ਕਿ ਖ਼ੁਦਾ ਹਮੇਸ਼ਾ ਆਪਣਾ ਵਾਅਦਾ ਨਿਭਾਉਂਦਾ ਹੈ! ਤੁਸੀਂ ਇਸ ਸੱਚ ਦੇ ਸਹਾਰੇ ਆਪਣੀ ਜ਼ਿੰਦਗੀ ਅਤੇ ਰੂਹ ਨੂੰ ਦਾਅ ਤੇ ਲਾ ਸਕਦੇ ਹੋ।

## ਵਚਨ ਦਿੱਤਾ ਗਿਆ: ਪੌਲੁਸ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ (18:9, 10)

ਪ੍ਰਭੂ ਨੇ ਪੌਲੁਸ ਨੂੰ ਦਰਸ਼ਣ ਦੇ ਕੇ ਪਹਿਲਾਂ ਇਹ ਕਿਹਾ, ''ਨਾ ਡਰ ਸਗੋਂ ਬੋਲੀ ਜਾਹ ਅਤੇ

ਚੁੱਪ ਨਾ ਰਹਿ'' (ਆਇਤ 9)। ਅਫ਼ਸੋਸ ਕਿ ਸਾਡੇ ਵਿੱਚੋਂ ਕਈ ਲੋਕ ਇਸ ਲਈ ਨਹੀਂ ਬੋਲਦੇ ਕਿਉਂਕਿ ਅਸੀਂ ਡਰਦੇ ਹਾਂ। ਯਿਸੂ ਨੇ ਪੌਲੁਸ ਨੂੰ ਹੌਂਸਲਾ ਦਿੱਤਾ, ''ਇਸ ਲਈ ਜੋ ਮੈਂ ਤੇਰੇ ਨਾਲ ਹਾਂ'' (ਆਇਤ 10ੳ)। ਜੇ ਅਸੀਂ ਇਸ ਗੱਲ ਨੂੰ ਯਾਦ ਰੱਖ ਸਕੀਏ ਤਾਂ ਇਸ ਨਾਲ ਉਹਦੇ ਬਾਰੇ ਬੋਲਣ ਦਾ ਸਾਡਾ ਬਹੁਤ ਸਾਰਾ ਡਰ ਦੂਰ ਹੋ ਜਾਵੇਗਾ (ਮੱਤੀ 28:19, 20)।

ਪ੍ਰਭੂ ਨੇ ਪੌਲੁਸ ਨੂੰ ਫਿਰ ਦੋ ਹੋਰ ਵਾਅਦੇ ਦਿੱਤੇ: ਇਕ ਤਾਂ ਸਾਫ਼ ਸੀ ਅਤੇ ਦੂਜਾ ਸਮਝ ਆ ਜਾਂਦਾ ਸੀ। ਸਾਫ਼ ਵਾਅਦਾ ਇਹ ਸੀ ਕਿ ''ਕੋਈ ਤੈਨੂੰ ਦੁੱਖ ਦੇਣ ਲਈ ਤੇਰੇ ਉੱਤੇ ਹੱਲਾ ਨਾ ਕਰੇਗਾ'' (ਆਇਤ 10ਅ)। ਇਸ ਤੋਂ ਇੰਜ ਲਗਦਾ ਹੈ ਕਿ ਪੌਲੁਸ ਈਰਖਾ ਨਾਲ ਭਰੇ ਯਹੂਦੀਆਂ ਦੇ ਹਮਲੇ ਤੋਂ ਡਰਦਾ ਸੀ। ਸ਼ਾਇਦ ਉਹਨੂੰ ਇਹ ਵੀ ਲੱਗਾ ਕਿ ਕੁਰਿੰਥੁਸ ਵਿਚ ਜਿੰਨੀ ਭਲਾਈ ਉਹ ਕਰ ਸਕਦਾ ਸੀ ਉਹਨੇ ਕਰ ਲਈ ਸੀ ਅਤੇ ਆਪਣੇ ਦੁਸ਼ਮਣਾਂ ਨੂੰ ਆਪਣੇ ਨਾਲ ਬਦਸਲੂਕੀ ਕਰਨ ਦਾ ਮੌਕਾ ਦੇਣ ਤੋਂ ਪਹਿਲਾਂ ਉਹ ਉਥੋਂ ਨਿੱਕਲ ਜਾਣ ਦੀ ਸੋਚ ਰਿਹਾ ਸੀ। ਬੇਹੱਦ ਦਬਾਅ ਵਿਚ ਮਜ਼ਬੂਤ ਵਿਸ਼ਵਾਸ ਵਾਲੇ ਲੋਕ ਵੀ ਡਗਮਗਾ ਸਕਦੇ ਹਨ। ਪਰ ਮਸੀਹ ਨੇ ਪੌਲੁਸ ਨਾਲ ਇਕ ਵਾਅਦਾ ਕੀਤਾ ਕਿ ਭਾਵੇਂ ਉਹਨੂੰ ਹੋਰ ਸ਼ਹਿਰਾਂ ਵਿਚ ਨੁਕਸਾਨ ਝੱਲਣਾ ਪੈਣਾ ਸੀ, ਪਰ ਕੁਰਿੰਥੁਸ ਵਿਚ ਉਹਨੂੰ ਕੋਈ ਨੁਕਸਾਨ ਨਹੀਂ ਹੋਣਾ ਸੀ।

ਯਿਸੂ ਦੇ ਸ਼ਬਦਾਂ ਵਿਚ, ਇਸ ਵਾਅਦੇ ਨਾਲ ਇਕ ਹੋਰ ਵਾਅਦਾ ਸੀ, ''ਕਿਉਂ ਜੋ ਇਸ ਸ਼ਹਿਰ ਵਿਚ ਮੇਰੇ ਬਹੁਤ ਸਾਰੇ ਲੋਕ ਹਨ'' (ਆਇਤ 10ੲ)।[1] ਇਸ ਵਾਅਦੇ ਦਾ ਸਬੰਧ ਖ਼ੁਦਾ ਦੇ ਉਸ ਵਚਨ ਨਾਲ ਹੈ ਕਿ ਉਹ ''ਉਨ੍ਹਾਂ ਵਿੱਚੋਂ ਇਕ *ਪਰਜਾ* ਆਪਣੇ ਨਾਮ ਦੇ ਲਈ ਚੁਣੇ''(15:14)। ਖ਼ੁਦਾ ਨੂੰ, ਜੋ ਦਿਲਾਂ ਨੂੰ ਜਾਣਦਾ ਹੈ, ਪਤਾ ਸੀ ਕਿ ਕੁਰਿੰਥੁਸ ਵਿਚ ਜੇ ਲੋਕਾਂ ਨੂੰ ਮੌਕਾ ਦੇ ਦਿੱਤਾ ਜਾਵੇ ਤਾਂ ਉਹ ਇੰਜੀਲ ਨੂੰ ਕਬੂਲ ਕਰਕੇ ਉਹਦੇ ਵੱਲ ਪਰਤ ਆਉਣਗੇ।[2] ਅਸਲ 'ਚ ਯਿਸੂ ਪੌਲੁਸ ਨੂੰ ਕਹਿ ਰਿਹਾ ਸੀ ਕਿ ਜੇ ਉਹ ਸ਼ਹਿਰ ਵਿਚ ਰਹਿ ਕੇ ਪ੍ਰਚਾਰ ਕਰਦਾ ਰਹੇ ਤਾਂ ਬਹੁਤ ਸਾਰੇ ਲੋਕ ਬਪਤਿਸਮਾ ਲੈ ਲੈਣਗੇ।[3] (ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਭੂ ਵੀ ਸਾਨੂੰ ਦੱਸ ਸਕਦਾ ਹੈ ਕਿ ਸਾਡੇ ਸ਼ਹਿਰਾਂ ਅਤੇ ਪਿੰਡਾਂ ਵਿਚ ਉਹਦੇ ''ਬਹੁਤ ਸਾਰੇ'' ਲੋਕ ਹਨ ਪਰ ਉਨ੍ਹਾਂ ਨੂੰ ਉਸ ਬਾਰੇ ਉਦੋਂ ਤਕ ਪਤਾ ਨਹੀਂ ਲੱਗੇਗਾ ਜਦ ਤਕ ਅਸੀਂ ਨਹੀਂ ਦੱਸਦੇ!)

ਯਿਸੂ ਦੀ ਦਿਲੇਰੀ ਨਾਲ ਪੌਲੁਸ ਦਾ ਫ਼ਿਕਰ ਭਵਿੱਖ ਦੀ ਤਿਆਰੀ ਵਿਚ ਬਦਲ ਗਿਆ। ''ਸੋ ਉਹ ਡੇਢ ਸਾਲ ਉੱਥੇ ਰਹਿ ਕੇ ਉਨ੍ਹਾਂ ਵਿਚ ਪਰਮੇਸ਼ਵਰ ਦਾ ਵਚਨ ਸਿਖਾਉਂਦਾ ਰਿਹਾ'' (ਆਇਤ 11)। ਪਤਾ ਨਹੀਂ ਕਿ ਇਹ ਡੇਢ ਸਾਲ ਦਾ ਸਮਾਂ ਉਹਦੇ ਉੱਥੇ ਰਹਿਣ ਦੇ ਸਮੇਂ ਦੇ ਇਲਾਵਾ ਸੀ ਜਾਂ ਨਹੀਂ।[4] ਪਰ ਅਸੀਂ ਇਹ ਕਹਿ ਸਕਦੇ ਹਾਂ ਕਿ ਪੌਲੁਸ ਨੇ ਕੁਰਿੰਥੁਸ ਵਿਚ, ਜਿਸ ਵਿਚ ਕਲੀਸੀਆ ਕਾਇਮ ਹੋਣ ਦੀਆਂ ਬਹੁਤ ਘੱਟ ਸੰਭਾਵਨਾਵਾਂ ਸਨ, *ਘੱਟੋ ਘੱਟ* ਡੇਢ ਸਾਲ ਬਿਤਾਇਆ। ਇਹ ਉਹਦੀਆਂ ਤਿੰਨ ਯਾਤਰਾਵਾਂ ਦੌਰਾਨ ਇੱਕੋ ਥਾਂ ਬਿਤਾਇਆ ਜਾਣ ਵਾਲਾ ਦੂਜਾ ਸਭ ਤੋਂ ਲੰਮਾ ਵਕਫ਼ਾ ਸੀ। ਜਿੱਥੇ ਬਹੁਤ ਸਾਰਾ ਬੀ ਖ਼ਿਲਾਰਨਾ ਹੋਵੇ, ਉੱਥੇ ਸ਼ਾਇਦ ਜ਼ਮੀਨ ਦੇ ਜਾਇਜ਼ੇ ਲਈ ਬਹੁਤ ਸਾਰਾ ਵਕਤ ਦੇਣਾ ਜ਼ਰੂਰੀ ਹੁੰਦਾ ਹੈ!

## ਵਚਨ ਨਿਭਾਇਆ ਗਿਆ: ਪੌਲੁਸ ਨੂੰ ਕੁਝ ਨੁਕਸਾਨ ਨਹੀਂ ਹੋਇਆ! (18:12-18)

ਆਮ ਤੌਰ ਤੇ ਖ਼ੁਦਾ ਦੇ ਵਾਅਦੇ ਪੂਰੇ ਹੁੰਦਿਆਂ ਕਈ ਸਾਲ ਲੰਘ ਜਾਂਦੇ ਹਨ। ਇਸ ਮਾਮਲੇ ਵਿਚ ਵਾਅਦਾ ਫ਼ੌਰਨ ਪੂਰਾ ਕੀਤਾ ਗਿਆ। ਅਗਲੀ ਆਇਤ ਵਿਚ ਲੂਕਾ ਨੇ ਵਿਖਾਇਆ ਕਿ

ਕਿਵੇਂ ਖੁਦਾ ਨੇ ਇਕ ਬੁੱਤਪ੍ਰਸਤ ਰਾਹੀਂ ਕੰਮ ਕਰਕੇ ਆਪਣਾ ਵਾਅਦਾ ਪੂਰਾ ਕੀਤਾ।

''ਜਦ ਗਲੀਓ ਅਖਾਇਆ ਦਾ ਡਿਪਟੀ ਸੀ ਤਾਂ ਯਹੂਦੀ ਮਿਲ ਕੇ[5] ਪੌਲੁਸ ਉੱਤੇ ਚੜ੍ਹ ਆਏ ਅਤੇ ਉਹ ਨੂੰ ਅਦਾਲਤ ਵਿਚ ਲੈ ਜਾ ਕੇ ਕਹਿਣ ਲੱਗੇ'' (ਆਇਤ 12)। ਆਪਣੀਆਂ ਤਿੰਨ ਯਾਤਰਾਵਾਂ ਦੌਰਾਨ ਪੌਲੁਸ ਜਿਨ੍ਹਾਂ ਰੋਮੀ ਅਧਿਕਾਰੀਆਂ ਨੂੰ ਮਿਲਿਆ ਸੀ, ਗਲੀਓ ਉਨ੍ਹਾਂ ਵਿੱਚੋਂ ਸਭ ਤੋਂ ਅਹਿਮ ਸੀ। ਗਲੀਓ ਦਾ ਭਰਾ ਮਸ਼ਹੂਰ ਸਤੋਇਕੀ ਦਾਰਸ਼ਨਿਕ, ਨੀਰੋ ਦਾ ਉਸਤਾਦ ਸੀ। ਕਈ ਸ਼ਾਹੀ ਲੇਖਕਾਂ[6] ਨੇ ਉਹਦਾ ਜ਼ਿਕਰ ਪ੍ਰਭਾਵਸ਼ਲੀ ਆਦਮੀ ਦੇ ਰੂਪ ਵਿਚ ਕੀਤਾ ਸੀ। ਡਲਫ਼ੀ ਵਿਚ ਮਿਲੇ ਇਕ ਸ਼ਿਲਾਲੇਖ ਕਰਕੇ ਅਸੀਂ ਕੁਰਿੰਥੁਸ ਵਿਚ ਗਲੀਓ ਦੇ ਹਾਕਮ ਬਣਨ ਦਾ ਸਮਾਂ ਜੁਲਾਈ ਸੰਨ 51 ਤੈਅ ਕਰ ਸਕਦੇ ਹਾਂ।[7]

ਧਿਆਨ ਦਿਓ ਕਿ ਹੋਰ ਸ਼ਹਿਰਾਂ ਵਾਂਗ ਯਹੂਦੀ ਲੋਕ ਪੌਲੁਸ ਨੂੰ ਸ਼ਹਿਰ ਦੇ ਹਾਕਮਾਂ ਕੋਲ ਨਹੀਂ ਸਗੋਂ ਪੂਰੇ ਅਖਾਇਆ ਦੇ ਰਾਜਪਾਲ ਕੋਲ ਲਿਆਏ ਸਨ।[8] ਗਲੀਓ ਵਰਗੇ ਤਾਕਤਵਰ ਆਦਮੀ ਦਾ ਉਲਟ ਫ਼ੈਸਲਾ ਦੂਜੇ ਸਭ ਰੋਮੀ ਰਾਜਾਂ ਲਈ ਇਕ ਮਿਸਾਲ ਬਣ ਜਾਣਾ ਸੀ। ਇਹ ਮਾਮਲਾ ਕਾਨੂੰਨੀ ਅਤੇ ਸਿਆਸੀ ਨਜ਼ਰੀਏ ਤੋਂ ਬਹੁਤ ਅਹਿਮ ਹੈ।

ਕਈਆਂ ਦਾ ਮੰਨਣਾ ਹੈ ਕਿ ਯਹੂਦੀ ਲੋਕ ਗਲੀਓ ਕੋਲ ਪੌਲੁਸ ਨੂੰ ਉਦੋਂ ਲਿਆਏ ਜਦ ਇਹ ਰੋਮੀ ਅਧਿਕਾਰੀ ਪਹਿਲੀ ਵਾਰ ਕੁਰਿੰਥੁਸ ਵਿਚ ਆਇਆ ਸੀ। ਜੇ ਇਹ ਸਹੀ ਹੈ ਤਾਂ ਸ਼ਾਇਦ ਉਨ੍ਹਾਂ ਦਾ ਖ਼ਿਆਲ ਸੀ ਕਿ ਗਲੀਓ ਉੱਥੋਂ ਦੇ ਸਥਾਨਕ ਲੋਕਾਂ ਨਾਲ ਚੰਗਾ ਸਬੰਧ ਬਣਾਉਣ ਵਿਚ ਦਿਲਚਸਪੀ ਲਵੇਗਾ ਅਤੇ ਉੱਥੋਂ ਦੇ ਬਹੁਤ ਸਾਰੇ ਲੋਕਾਂ ਦੇ ਵਿਰੋਧ ਤੋਂ ਪ੍ਰਭਾਵਿਤ ਹੋ ਜਾਵੇਗਾ। ਉਨ੍ਹਾਂ ਨੂੰ ਗਲੀਓ ਦੀ ਇਮਾਨਦਾਰੀ ਨਜ਼ਰ ਨਹੀਂ ਆਈ ਸੀ।

ਆਇਤ 12 ਕਹਿੰਦੀ ਹੈ ਕਿ ਯਹੂਦੀ ਲੋਕ ਪੌਲੁਸ ਨੂੰ ਗਲੀਓ ਸਾਹਮਣੇ ''ਅਦਾਲਤ ਵਿਚ'' ਲਿਆਏ। ''ਅਦਾਲਤ'' ਸ਼ਬਦ ਦਾ ਅਨੁਵਾਦ ਯੂਨਾਨੀ ਦੇ *bema* (ਬੇਮਾ) ਤੋਂ ਕੀਤਾ ਗਿਆ ਹੈ। ਬੇਮਾ ਕੁਰਿੰਥੁਸ ਵਿਚ ਅਗੋਰਾ ਦੇ ਕੇਂਦਰ ਨੇੜੇ ਉੱਚੇ ਚਬੂਤਰੇ ਨੂੰ ਕਹਿੰਦੇ ਸਨ ਜੋ ਸੰਗਮਰਮਰ ਦੇ ਪੱਥਰ ਨਾਲ ਬਣਿਆ ਸੀ। ਇਹਦੀ ਵਰਤੋਂ ਭਾਸ਼ਣ ਦੇਣ ਅਤੇ ਹੋਰ ਜਨਤਕ ਪ੍ਰੋਗਰਾਮਾਂ ਲਈ ਕੀਤੀ ਜਾਂਦੀ ਸੀ।[9] ਪਰ ਖ਼ਾਸ ਤੌਰ ਤੇ ਬੇਮਾ ਉਹ ਥਾਂ ਸੀ ਜਿੱਥੇ ਅਦਾਲਤ ਲਗਦੀ ਸੀ।

ਪੁਰਾਣੇ ਕੁਰਿੰਥੁਸ ਵਿਚ ਅੱਜ ਵੀ ਬੇਮਾ ਹੈ। ਇਹਦੇ ਹੇਠਾਂ ਨੀਲੇ ਅਤੇ ਸਫ਼ੇਦ ਸੰਗਮਰਮ ਲਾ ਕੇ ਇਹਨੂੰ ਮਹਿਫ਼ੂਜ ਰੱਖਿਆ ਗਿਆ ਹੈ। ਬੇਮਾ ਦੇ ਸਾਹਮਣੇ ਇਕ ਛੋਟਾ ਖੰਭਾ ਹੈ ਜਿੱਥੇ ਮੁਜਰਮ ਨੂੰ ਖੜਾ ਕੀਤਾ ਜਾਂਦਾ ਸੀ। ਪੌਲੁਸ ਦੇ ਉਸ ਖੰਭੇ ਨਾਲ ਖੜੇ ਹੋਣ ਦੀ ਕਲਪਨਾ ਕਰੋ, ਸ਼ਾਇਦ ਉਹਨੂੰ ਇਹਦੇ ਨਾਲ ਬੱਨ੍ਹਿਆ ਗਿਆ ਹੈ, ਉਹਦੀ ਜਾਨ ਹੁਣ ਗਲੀਓ ਦੇ ਹੱਥ ਵਿਚ ਹੈ।

ਇਹ ਨਹੀਂ ਦੱਸਿਆ ਗਿਆ ਕਿ ਯਹੂਦੀ ਲੋਕ ''[ਪੌਲੁਸ ਨੂੰ] ਉਹਦੀ ਅਦਾਲਤ ਵਿਚ'' ਕਿਵੇਂ ਲਿਆਏ ਸਨ। ਹੋ ਸਕਦਾ ਹੈ ਕਿ ਉਹ ਉਹਨੂੰ ਧੂਅ ਕੇ ਲਿਆਏ ਹੋਣ (16:19); ਸ਼ਾਇਦ ਅਦਾਲਤ ਵੱਲੋਂ ਉਹਨੂੰ ਸੰਮਣ ਭੇਜ ਕੇ ਸੱਦਿਆ ਗਿਆ ਹੋਵੇ। ਜਦ ਸਭ ਲੋਕ ਪਹੁੰਚ ਗਏ ਤਾਂ ਯਹੂਦੀਆਂ ਨੇ ਹਾਕਮ ਸਾਹਮਣੇ ਉਸ ਉੱਤੇ ਇਲਜ਼ਾਮ ਲਾਏ ਕਿ ''ਇਹ ਮਨੁੱਖ ਲੋਕਾਂ ਨੂੰ ਸ਼ਰ੍ਹਾ ਤੋਂ ਉਲਟ ਪ੍ਰਮੇਸ਼ਵਰ ਦੀ ਬੰਦਗੀ ਕਰਨ ਨੂੰ ਉਭਾਰਦਾ ਹੈ'' (18:13)। ਕਈ ਲੋਕਾਂ ਦੇ ਖ਼ਿਆਲ 'ਚ ''ਸ਼ਰ੍ਹਾ'' ਮੂਸਾ ਦੀ ਸ਼ਰ੍ਹਾ ਨੂੰ ਕਿਹਾ ਗਿਆ,[10] ਕਈਆਂ ਦੇ ਖ਼ਿਆਲ ਨਾਲ ਇੱਥੇ ਯਹੂਦੀਆਂ ਦੇ ਕਹਿਣ ਤੋਂ ਭਾਵ ਰੋਮੀ ਕਾਨੂੰਨ ਹੈ। ਜੇ ਉਨ੍ਹਾਂ ਦੇ ਕਹਿਣ ਤੋਂ ਭਾਵ ਮੂਸਾ ਦੀ ਸ਼ਰ੍ਹਾ ਸੀ ਤਾਂ ਉਨ੍ਹਾਂ ਦਾ ਤਰਕ ਸੀ ਕਿ ਯਹੂਦੀ ਧਰਮ ''ਕਾਨੂੰਨੀ ਧਰਮ''[11] ਸੀ, ਜਿਸ ਕਰਕੇ

ਯਹੂਦੀਆਂ ਨੂੰ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਗਿਆ ਸੀ ਅਤੇ ਪੌਲੁਸ ਨੂੰ ਉਨ੍ਹਾਂ ਨੂੰ ਪਰੇਸ਼ਾਨ ਕਰਨ ਤੋਂ ਰੋਕਿਆ ਜਾਵੇ। ਜੇ ਉਹ ਰੋਮੀ ਕਾਨੂੰਨ ਦੀ ਗੱਲ ਕਰ ਰਹੇ ਸਨ ਤਾਂ ਯਹੂਦੀ ਲੋਕ ਮਸੀਹੀਆਂ ਉੱਤੇ ਇਕ ਨਜਾਇਜ਼ ਧਰਮ ਨੂੰ ਵਧਾਉਣ ਦਾ ਇਲਜ਼ਾਮ ਲਾ ਰਹੇ ਸਨ, ਜਿਹਦੀ ਰੋਮ ਨੂੰ ਰਾਖੀ ਨਹੀਂ ਕਰਨੀ ਚਾਹੀਦੀ ਸੀ। ਉਨ੍ਹਾਂ ਦਾ ਤਰਕ ਸੀ ਕਿ ਜਿਵੇਂ ਵੀ ਹੋਵੇ ਪੌਲੁਸ ਅਤੇ ਸਭ ਮਸੀਹੀ ਰੋਮੀ ਸਰਕਾਰ ਵੱਲੋਂ ਸਜ਼ਾ ਦੇ ਹੱਕਦਾਰ ਸਨ।

ਉਸ ਵਕਤ, ਸੰਦੇਹਵਾਦੀਆਂ ਨੂੰ ਲੱਗਾ ਹੋਵੇਗਾ ਕਿ ਖ਼ੁਦਾ ਦਾ ਵਾਅਦਾ ਪੱਕਾ ਨਹੀਂ ਹੈ। ਪ੍ਰਭੂ ਨੇ ਪੌਲੁਸ ਨੂੰ ਕਿਹਾ ਸੀ ਕਿ ''ਕੋਈ ਤੈਨੂੰ ਦੁੱਖ ਦੇਣ ਲਈ ਤੇਰੇ ਉੱਤੇ ਹੱਲਾ ਨਾ ਕਰੇਗਾ,'' ਪਰ ਇੱਥੇ ਤਾਂ ਉਸ ਉੱਤੇ ਹੱਲਾ ਹੋ ਚੁੱਕਾ ਸੀ। ਫਿਰ ਦੂਜੇ ਕਿਸੇ ਸ਼ਹਿਰ ਵਿਚ ਜਦ ਯਹੂਦੀਆਂ ਨੇ ਪੌਲੁਸ ਦੇ ਖ਼ਿਲਾਫ਼ ਆਪਣੇ ਰਸੂਖ਼ ਦੀ ਵਰਤੋਂ ਕਰਨ ਦਾ ਫ਼ੈਸਲਾ ਕੀਤਾ ਤਾਂ ਉਹ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾ ਕੇ ਨਿੱਕਲਿਆ ਸੀ (13:50; 14:5, 6, 9; 16:19-24; 17:6-10, 13)। ਪੌਲੁਸ ਇੱਥੋਂ ਵੀ ਬੱਚ ਕੇ ਕਿਵੇਂ ਨਿੱਕਲ ਸਕਿਆ ਸੀ?

ਆਇਤ 14 ਸ਼ੁਰੂ ਹੁੰਦੀ ਹੈ, ''ਜਾਂ ਪੌਲੁਸ ਮੂੰਹ ਖੋਲ੍ਹਣ ਲੱਗਾ, ...'' ਪੌਲੁਸ ਉਨ੍ਹਾਂ ਇਲਜ਼ਾਮਾਂ ਦੇ ਬਿਨਾਂ ਸਿਰ ਪੈਰ ਦੇ ਹੋਣ ਨੂੰ ਸਾਬਤ ਕਰਨ ਲਈ ਤਿਆਰ ਸੀ; ਉਹ ਗਲੀਓ ਨੂੰ ਇੰਜੀਲ ਸੁਣਾਉਣ ਦੀ ਯੋਜਨਾ ਵੀ ਬਣਾ ਰਿਹਾ ਹੋਵੇਗਾ (ਵੇਖੋ ਰਸੂਲਾਂ ਦੇ ਕੰਮ 22; 23; 24; 26)। ਪਰ ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਹਾਕਮ ਬੋਲ ਪਿਆ:

> ਗਲੀਓ ਨੇ ਯਹੂਦੀਆਂ ਨੂੰ ਆਖਿਆ, ਹੇ ਯਹੂਦੀਓ ਜੇ ਕੁਝ ਜ਼ੁਲਮ ਯਾ ਸਖਤ ਬਦਮਾਸ਼ੀ ਦੀ ਗੱਲ ਹੁੰਦੀ ਤਾਂ ਜੋਗ ਸੀ ਜੋ ਮੈਂ ਤੁਹਾਡੀ ਸੁਣਦਾ। ਪਰ ਜੇ ਇਹ ਝਗੜੇ ਸ਼ਬਦਾਂ ਅਤੇ ਨਾਂਵਾਂ[12] ਅਤੇ ਤੁਹਾਡੀ ਆਪਣੀ ਸ਼ਰ੍ਹਾ ਵਿਖੇ ਹਨ ਤਾਂ ਤੁਸੀਂ ਹੀ ਜਾਣੋ, ਮੈਂ ਨਹੀਂ ਚਾਹੁੰਦਾ ਜੋ ਇਨ੍ਹਾਂ ਗੱਲਾਂ ਦਾ ਮੁਨਸਫ਼ (ਨਿਆਂ ਕਰਨ ਵਾਲਾ) ਹੋਵਾਂ (ਆਇਤਾਂ 14ਅ, 15)।

ਯਹੂਦੀਆਂ ਨਾਲ ਪੌਲੁਸ ਦੀ ਬਾਰ ਬਾਰ ਦੀ ਲੜਾਈ ਵਿਚ ਇਹ ਪਹਿਲੀ ਵਾਰ ਸੀ ਕਿ ਉਹਦੇ ਵੈਰੀਆਂ ਦਾ ਸਾਹਮਣਾ ਕਿਸੇ ਇਮਾਨਦਾਰ ਰੋਮੀ ਹਾਕਮ ਨਾਲ ਹੋਇਆ, ਜਿਹਨੂੰ ਉਹ ਧਮਕਾ ਨਹੀਂ ਸਕਦੇ ਸਨ।[13] ਹੋ ਸਕਦਾ ਹੈ ਕਿ ਗਲੀਓ ਯਹੂਦੀ ਅਤੇ ਮਸੀਹੀ ਧਰਮ ਦੇ ਬੁਨਿਆਦੀ ਫ਼ਰਕਾਂ ਬਾਰੇ ਉਲਝਣ ਵਿਚ ਹੋਵੇ, ਪਰ ਉਹ ਇਸ ਗੱਲ ਨੂੰ ਸਮਝਦਾ ਸੀ ਕਿ ਪੌਲੁਸ ਅਤੇ ਯਹੂਦੀਆਂ ਦਰਮਿਆਨ ਜੋ ਵੀ ਝਗੜਾ ਹੈ, ਉਹ ਉਹਦੇ ਅਧਿਕਾਰ ਖੇਤਰ ਵਿਚ ਨਹੀਂ ਸੀ। ਜੇ ਯਹੂਦੀ ਉਹਨੂੰ ਰੋਮੀ ਕਾਨੂੰਨ ਦੇ ਅਧਾਰ ਤੇ ਨਿਆਂ ਕਰਨ ਲਈ ਕਹਿ ਰਹੇ ਸਨ,[14] ਤਾਂ ਉਹਨੂੰ ਪਤਾ ਸੀ ਕਿ ਮੁਸ਼ਕਲ ਉਨ੍ਹਾਂ ਦੀ ਆਪਣੀ ਸ਼ਰ੍ਹਾ ਬਾਰੇ ਸੀ। ਉਹ ਇਸ ਮਾਮਲੇ ਨੂੰ ਅਦਾਲਤ ਤੋਂ ਬਾਹਰ ਕੱਢਣ ਵਿਚ ਝੱਕਿਆ ਨਹੀਂ।

ਉਨ੍ਹਾਂ ਹੈਰਾਨ ਯਹੂਦੀਆਂ ਦੀ ਪਰੇਸ਼ਾਨੀ ਦੀ ਕਲਪਨਾ ਕਰੋ ਜਦ ਗਲੀਓ ਨੇ ਆਪਣੇ ਅਧਿਕਾਰੀਆਂ ਨੂੰ ਅਦਾਲਤ ਖਾਲੀ ਕਰਨ ਦਾ ਹੁਕਮ ਦਿੱਤਾ। ਜਿਹੜੇ ਉੱਥੋਂ ਨੱਸੇ ਨਹੀਂ ਹੋਣਗੇ ਉਨ੍ਹਾਂ ਨੂੰ ਲਾਠੀਆਂ ਦਾ ਸੁਆਦ ਚੱਖਣਾ ਪਿਆ ਹੋਵੇਗ।[15] ਇੰਜ ਗਲੀਓ ਨੇ ''ਉਨ੍ਹਾਂ ਨੂੰ ਅਦਾਲਤੋਂ ਬਾਹਰ ਕੱਢ ਦਿੱਤਾ'' (ਆਇਤ 16)।

ਲੂਕਾ ਨੇ ਇਕ ਹੋਰ ਵਿਅੰਗ ਜੋੜ ਦਿੱਤਾ: ''ਤਾਂ ਉਨ੍ਹਾਂ ਸਭਨਾਂ ਨੇ ਸਮਾਜ ਦੇ ਸਰਦਾਰ ਸੋਸਥਨੇਸ ਨੂੰ ਫੜ ਕੇ ਅਦਾਲਤ ਦੇ ਸਾਹਮਣੇ ਮਾਰਿਆ'' (ਆਇਤ 17ੳ)। ਪਹਿਲਾਂ ਲੂਕਾ ਨੇ

''ਸਮਾਜ ਦੇ ਸਰਦਾਰ ਕ੍ਰਿਸਪੁਸ'' ਦੀ ਮਨਬਦਲੀ ਬਾਰੇ ਦੱਸਿਆ ਸੀ (ਆਇਤ 8); ਸਾਫ਼ ਹੈ ਕਿ ਸੋਸਥਨੇਸ ਨੇ ਪੌਲੁਸ ਦੀ ਥਾਂ ਲੈ ਲਈ ਸੀ।[16] ਸੋਸਥਨੇਸ ਨੂੰ ਇਸ ਲਈ ਮਾਰਿਆ ਗਿਆ ਹੋਵੇਗਾ ਕਿਉਂਕਿ ਯਹੂਦੀਆਂ ਦੇ ਆਗੂ ਦੇ ਰੂਪ ਵਿਚ ਉਹ ਪੌਲੁਸ ਦੇ ਖ਼ਿਲਾਫ਼ ਇਲਜ਼ਾਮ ਲਾਉਣ ਵਿਚ ਉਨ੍ਹਾਂ ਦਾ ਨੁਮਾਇੰਦਾ ਸੀ।

ਲਿਖਤ ਵਿਚ ਇਹ ਸਾਫ਼ ਨਹੀਂ ਕੀਤਾ ਗਿਆ ਕਿ ਉਹ ''ਲੋਕ'' ਕੌਣ ਸਨ ਜਿਨ੍ਹਾਂ ਨੇ ਸੋਸਥਨੇਸ ਨੂੰ ਕੁੱਟਿਆ। ਕੁਝ ਪੁਰਾਤਨ ਲਿਖਤਾਂ ਤੋਂ ਸੰਕੇਤ ਮਿਲਦਾ ਹੈ ਕਿ ''ਯੂਨਾਨੀਆਂ ਨੇ'' ਉਹਨੂੰ ਕੁੱਟਿਆ (ਵੇਖੋ KJV)। ਜੇ ਇੰਜ ਹੋਇਆ ਤਾਂ ਉਹ ਅਗੋਰਾ[17] ਦੇ ਆਲੇ ਦੁਆਲੇ ਫਿਰਨ ਵਾਲੇ ਗੁੰਡੇ ਹੋਣਗੇ ਜਿਨ੍ਹਾਂ ਨੂੰ ਯਹੂਦੀਆਂ ਬਾਰੇ ਆਪਣੀ ਨਾਰਾਜ਼ਗੀ ਜ਼ਾਹਿਰ ਕਰਨ ਦਾ ਮੌਕਾ ਮਿਲ ਗਿਆ। ਬੇਹਤਰ ਹੱਥਲਿਖਤਾਂ ਵਿਚ ਸਿਰਫ਼ ''ਲੋਕਾਂ'' ਦਾ ਸਬੂਤ ਹੈ ਜਿਸ ਵਿਚ ''ਲੋਕਾਂ'' ਸ਼ਬਦ ਤੋਂ ਭਾਵ ਯਹੂਦੀ ਲੋਕਾਂ ਤੋਂ ਹੈ (ਆਇਤਾਂ 14-16)। ਭਲਾ ਇਹ ਹੋ ਸਕਦਾ ਹੈ ਕਿ ਯਹੂਦੀ ਇਹ ਸੋਚ ਕੇ ਕਿ ਉਨ੍ਹਾਂ ਦਾ ਆਗੂ ਮਾਮਲੇ ਨੂੰ ਸਹੀ ਢੰਗ ਨਾਲ ਨਿਪਟਾਉਂਦਾ ਤਾਂ ਉਨ੍ਹਾਂ ਨੂੰ ਪਰੇਸ਼ਾਨੀ ਨਾ ਝੱਲਣੀ ਪੈਂਦੀ, ਉਸ ਉੱਤੇ ਟੁੱਟ ਪਏ ਹੋਣ।

ਅਗਲੇ ਸ਼ਬਦ ਹੋਰ ਵੀ ਅਹਿਮ ਹਨ: ''ਪਰ ਗਲੀਓ ਨੇ ਇਨ੍ਹਾਂ ਗੱਲਾਂ ਵੱਲ ਕੁਝ ਧਿਆਨ ਨਾ ਕੀਤਾ'' (ਆਇਤ 17ਅ)। ਇਹਦਾ ਮਤਲਬ ਆਮ ਤੌਰ ਤੇ ਇਹ ਲਿਆ ਜਾਂਦਾ ਹੈ ਕਿ ਗਲੀਓ ਇਕ ਬੇਕਸੂਰ ਦੀ ਕੁਟਾਈ ਤੋਂ ਅਣਜਾਣ ਸੀ ਜੋ ਬਾਈਬਲ ਤੋਂ ਬਾਹਰ ਦੇ ਲੇਖਕਾਂ ਵੱਲੋਂ ਵਿਖਾਈ ਉਹਦੀ ਸਖ਼ਸੀਅਤ ਨਾਲ ਮੇਲ ਨਹੀਂ ਖਾਂਦਾ।[18] ਸ਼ਾਇਦ ''ਇਨ੍ਹਾਂ ਗੱਲਾਂ'' ਦਾ ਸਬੰਧ ਸੋਸਥਨੇਸ ਦੀ ਕੁਟਾਈ ਨਾਲ ਨਹੀਂ, ਸਗੋਂ ਯਹੂਦੀਆਂ ਵੱਲੋਂ ਪੌਲੁਸ ਦੇ ਖ਼ਿਲਾਫ਼ ਲਾਏ ਇਲਜ਼ਾਮਾਂ ਨਾਲ ਸੀ। ਵਿਲੀਅਮ ਬਾਰਕਲੇ ਨੇ ਸੁਝਾਅ ਦਿੱਤਾ ਸੀ ਕਿ ''ਸਹੀ ਅਰਥ ਇਹ ਹੈ ਕਿ [ਗਲੀਓ] ਬਿਲਕੁਲ ਨਿਰਪੱਖ ਸੀ ਅਤੇ ਉਹਨੇ [ਉਸ ਯਹੂਦੀ ਵਫ਼ਦ ਤੋਂ] ਪ੍ਰਭਾਵਿਤ ਹੋਣ ਤੋਂ ਇਨਕਾਰ ਕਰ ਦਿੱਤਾ।''[19]

ਆਇਤ 17 ਦਾ ਸਹੀ ਅਰਥ ਜੋ ਵੀ ਹੋਵੇ, ਘਟਨਾਵਾਂ ਦੀ ਲੜੀ ਹੈਰਾਨ ਕਰ ਦੇਣ ਵਾਲੀ ਸੀ। ਪੌਲੁਸ ਨੂੰ ਨਾ ਸਿਰਫ਼ ਬਿਨਾਂ ਨੁਕਸਾਨ ਪਹੁੰਚਾਏ ਛੱਡ ਦਿੱਤਾ ਸਗੋਂ ਉਹਨੂੰ ਬੇਕਸੂਰ ਵੀ ਠਹਿਰਾਇਆ ਗਿਆ।[20] ਜਿਨ੍ਹਾਂ ਯਹੂਦੀਆਂ ਨੇ ਉਸ ਨੂੰ ਸ਼ਜਾ ਦੇਣ ਲਈ ਸਾਜ਼ਿਸ਼ ਰਚੀ ਸੀ, ਉਲਟੇ ਉਨ੍ਹਾਂ ਨੂੰ ਹੀ ਸਜ਼ਾ ਮਿਲ ਗਈ। ਖ਼ੁਦਾ ਨੇ ਉੱਪਰਲੇ ਰੋਮੀ ਅਧਿਕਾਰੀ ਨੂੰ ਅਜਿਹੇ ਵਸੀਲੇ ਦੇ ਰੂਪ ਵਿਚ ਵਰਤ ਕੇ ਜਿਹਦੀ ਕਦੇ ਉਮੀਦ ਨਹੀਂ ਸੀ, ਆਪਣਾ ਵਾਅਦਾ ਪੂਰਾ ਕੀਤਾ।

ਰਿੱਕ ਐਚਲੇ ਵੱਲੋਂ ਸੁਝਾਅ ਦਿੱਤਾ ਗਿਆ ਹੈ ਕਿ ਗਲੀਓ ਦੇ ਸਾਹਮਣੇ ਪੌਲੁਸ ਦੇ ਕਾਨੂੰਨੀ ਤੌਰ ਤੇ ਬੇਕਸੂਰ ਸਾਬਤ ਹੋਣ ਕਰਕੇ ''ਕਲੀਸੀਆ ਨੂੰ ਦਸ ਸਾਲ ਤਕ ਚੈਨ ਰਿਹਾ।''[21] ਜਿਵੇਂ ਗਲੀਓ ਸਾਹਮਣੇ ਪੌਲੁਸ ਦਾ ਕਸੂਰਵਾਰ ਹੋਣਾ ਦੂਜੇ ਇਲਾਕਿਆਂ ਲਈ ਇਕ ਕਾਨੂੰਨੀ ਮਿਸਾਲ ਬਣ ਜਾਣਾ ਸੀ, ਉਵੇਂ ਹੀ ਉਹਦਾ ਬੇਕਸੂਰ ਛੁੱਟਣਾ ਵੀ ਇਕ ਮਿਸਾਲ ਬਣ ਗਿਆ। ਕਈ ਸਾਲਾਂ ਤਕ ਪੌਲੁਸ ਨੂੰ ਸਜ਼ਾ ਦੇਣ ਲਈ ਯਹੂਦੀਆਂ ਨੇ ਫ਼ੇਰ ਰੋਮੀ ਅਧਿਕਾਰੀਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਇਸ ਮੁਕੱਦਮੇ ਦੇ ਬਾਅਦ, ''ਪੌਲੁਸ ਹੋਰ ਵੀ ਬਹੁਤ ਦਿਨ ਉੱਥੇ ਠਹਿਰਿਆ'' (ਆਇਤ 18ੳ)।[22] ਲੂਕਾ ਨੇ ''ਬਹੁਤ ਦਿਨ'' ਵਿਚ ਪੌਲੁਸ ਵੱਲੋਂ ਕੀਤੇ ਕੰਮ ਦਾ ਵੇਰਵੇ ਸਹਿਤ ਬਿਆਨ ਨਹੀਂ ਕੀਤਾ, ਪਰ ਅਸੀਂ ਯਕੀਨ ਕਰ ਸਕਦੇ ਹਾਂ ਕਿ ਪ੍ਰਭੂ ਦਾ ਦੂਜਾ ਵਾਅਦਾ ਵੀ ਪੂਰਾ ਹੋਇਆ: ਪੌਲੁਸ ਦੇ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਨਾਲ ਬਹੁਤ ਸਾਰੇ ਹੋਰ ਲੋਕ ਮਸੀਹੀ ਬਣ ਗਏ।

ਸੰਭਾਵਨਾ ਹੈ ਕਿ ਸਮਾਜ ਦਾ ਸਰਦਾਰ ਸੋਸਥਨੇਸ ਜਿਸ ਨੂੰ ਕੁੱਟਿਆ ਗਿਆ ਸੀ, ਇਨ੍ਹਾਂ ਵਿੱਚੋਂ ਹੀ ਸੀ। ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਨਾਂਅ ਲਿਖੀ ਆਪਣੀ ਪਹਿਲੀ ਚਿੱਠੀ ਵਿਚ ਸੋਸਥਨੇਸ ਨਾਂਅ ਦੇ ਇਕ ਸਾਥੀ ਦਾ ਜ਼ਿਕਰ ਕੀਤਾ ਜਿਸ ਨੂੰ ਜ਼ਾਹਿਰ ਹੈ ਕਿ ਕੁਰਿੰਥੀ ਜਾਣਦੇ ਹੋਣਗੇ। ਇਹ ਅੰਦਾਜ਼ਾ ਲਾਉਣਾ ਦਿਲਚਸਪ ਹੋਵੇਗਾ ਕਿ ਸੋਸਥਨੇਸ ਦੀ ਕੁਟਾਈ ਦੇ ਬਾਅਦ ਪੌਲੁਸ ਅਤੇ ਕ੍ਰਿਸਪੁਸ ਉਸ ਨੂੰ ਮਿਲਣ ਗਏ ਤਾਂ ਜੋ ਉਹਦੇ ਜ਼ਖ਼ਮਾਂ ਨੂੰ ਧੋਣ ਅਤੇ ਯਿਸੂ ਬਾਰੇ ਦੱਸਣ। ਪਰ ਸਾਨੂੰ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਸਿਰਫ਼ ਕਿਆਫ਼ੇ ਹੀ ਮੰਨਣਾ ਚਾਹੀਦਾ ਹੈ।[23]

ਯਕੀਨਨ ਹੀ ਅਸੀਂ ਕੁਰਿੰਥੁਸ ਵਿਚ ਇਕ ਹੋਰ ਅਨੋਖੇ ਮਸੀਹੀ ਬਾਰੇ ਜਾਣਦੇ ਹਾਂ। ਬਾਅਦ ਵਿਚ ਜਦ ਪੌਲੁਸ ਨੇ ਕੁਰਿੰਥੁਸ ਤੋਂ ਰੋਮ ਦੇ ਨਾਂਅ ਚਿੱਠੀ ਲਿਖੀ ਤਾਂ ਉਹਨੇ ਇਹ ਸਲਾਮ ਜੋੜਿਆ, ''ਇਰਸਤੁਸ ਜਿਹੜਾ ਸ਼ਹਿਰ ਦਾ ਖਜ਼ਾਨਚੀ ਹੈ ... ਤੁਹਾਡੀ ਸੁੱਖ ਸਾਂਦ ਪੁੱਛਦੇ [ਸਲਾਮ ਆਖਦੇ] ਹਨ'' (ਰੋਮੀਆਂ 16:23)। ਕੁਰਿੰਥੁਸ ਵਿਚ ਸਿਰਫ਼ ਪ੍ਰਭਾਵਸ਼ਾਲੀ ਯਹੂਦੀਆਂ ਨੇ ਹੀ ਨਹੀਂ ਸਗੋਂ ਪ੍ਰਭਾਵਸ਼ਾਲੀ ਰੋਮੀਆਂ ਨੇ ਵੀ ਮਸੀਹ ਨੂੰ ਕਬੂਲ ਕਰ ਲਿਆ ਸੀ![24] ਇਸ ਅਧਿਕਾਰੀ ਨਾਲ ਸਬੰਧਿਤ ਕੁਰਿੰਥੁਸ ਦੇ ਖੰਡਰਾਂ ਵਿੱਚੋਂ ਇਕ ਬੇਮਿਸਾਲ ਖੋਜ ਹੋਈ ਹੈ। ਕੁਰਿੰਥੁਸ ਦੀ ਸ਼ਾਨਦਾਰ ਰੰਗਸ਼ਾਲਾ ਦੇ ਸਾਹਮਣੇ ਫ਼ਰਸ਼ ਉੱਤੇ ਇਕ ਪੱਥਰ ਲੱਗਾ ਸੀ ਜਿਸ ਉੱਤੇ ਲਿਖਿਆ ਸੀ, ''ਇਰਸਤੁਸ ਨੇ ਆਪਣੇ ਖਜ਼ਾਨਚੀ ਹੋਣ[25] ਨੂੰ ਧਿਆਨ ਵਿਚ ਰੱਖਦਿਆਂ, ਇਹ ਫ਼ਰਸ਼ ਆਪਣੇ ਖਰਚੇ ਨਾਲ ਬਣਾਇਆ।'' ਮੂਲ ਵਿਚ ਨੱਕਾਸ਼ੀ ਦੇ ਅੱਖਰਾਂ ਨੂੰ ਕੈਂਹੇਂ ਵਿਚ ਸਿੱਕੇ ਨਾਲ ਭਰਿਆ ਗਿਆ ਸੀ। ਅੱਜ ਸਿਰਫ਼ ਖਾਲੀ ਅੱਖਰ ਹੀ ਬਚੇ ਹਨ, ਪਰ ਅਸਾਨੀ ਨਾਲ ਪੜ੍ਹੇ ਜਾਂਦੇ ਹਨ।

''ਬਹੁਤ ਦਿਨ'' ਦੇ ਉਸ ਵਕਫ਼ੇ ਨੂੰ ਪੌਲੁਸ ਨੇ ਪੂਰੇ ਅਖਾਇਆ ਵਿਚ ਕਲੀਸੀਆਵਾਂ ਕਾਇਮ ਕਰਦਿਆਂ ਕੁਰਿੰਥੁਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਇੰਜੀਲ ਦਾ ਪ੍ਰਚਾਰ ਕਰਨਾ ਜਾਰੀ ਰੱਖਿਆ ਹੋਵੇਗਾ।[26] ਇਸੇ ਦੌਰਾਨ ਉਹਨੇ 2 ਥੱਸਲੁਨੀਕੀਆਂ ਵੀ ਲਿਖਿਆ ਹੋਵੇਗਾ।[27] ਯਹੂਦੀਆਂ ਅਤੇ ਰੋਮੀਆਂ ਅਧੀਕਾਰੀਆਂ ਤੋਂ ਬੇਖ਼ੌਫ਼ ਹੋ ਕੇ ਇੰਜੀਲ ਨੂੰ ਮੰਨਣ ਵਾਲਿਆਂ ਦੇ ਵਧਣ ਦੀ ਬਰਕਤ ਦੇ ਨਾਲ ਨਾਲ ਉਸ ਇਲਾਕੇ ਵਿਚ ਕੰਮ ਕਰਦੇ ਹੋਏ ਪੌਲੁਸ ਦਾ ਧਿਆਨ ਕਿੰਨੀ ਵਾਰ ਯਿਸੂ ਦੇ ਵਾਅਦਿਆਂ ਵੱਲ ਅਤੇ ਇਸ ਵੱਲ ਗਿਆ ਹੋਵੇਗਾ ਕਿ ਉਹ ਕਿੰਨੇ ਜ਼ਬਰਦਸਤ ਢੰਗ ਨਾਲ ਪੂਰੇ ਹੋ ਰਹੇ ਸਨ!

ਆਇਤ 18 ਦੇ ਅਖ਼ੀਰ ਵਿਚ, ਲੂਕਾ ਇਕ ਛੋਟੀ ਜਿਹੀ ਅਜੀਬ ਟਿੱਪਣੀ ਵੱਲ ਲੈ ਆਉਂਦਾ ਹੈ: ''[ਪੌਲੁਸ ਨੇ] ਕਿੰਖਰੀਆ ਵਿਚ ਸਿਰ ਮੁਨਾ ਕੇ, ਕਿਉਂ ਜੋ ਉਹ ਨੇ ਮੰਨਤ ਮੰਨੀ ਸੀ।'' ਵਿਦਵਾਨ ਬੜੀ ਦੇਰ ਤੋਂ ਇਹ ਜਾਣਨ ਲਈ ਕਾਹਲੇ ਹਨ ਕਿ ਉਹ ਮੰਨਤ ਕੀ ਸੀ ਭਾਵ ਪੌਲੁਸ ਨੇ ਕੀ ਕੀਤਾ ਅਤੇ ਕਿਉਂ ਕੀਤਾ।[28] ਲੂਕਾ ਨੇ ਸਾਨੂੰ ਇਨ੍ਹਾਂ ਬਾਰੇ ਸਾਰੇ ਸਵਾਲਾਂ ਦੇ ਜਵਾਬ ਜਾਨਣ ਲਈ ਕਾਫ਼ੀ ਜਾਣਕਾਰੀ ਨਹੀਂ ਦਿੱਤੀ, ਪਰ ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਜੋ ਕੁਝ ਪੌਲੁਸ ਨੇ ਕੀਤਾ, ਉਹ ਉਹਨੇ *ਕਿਉਂ* ਕੀਤਾ। ਖ਼ੁਦਾ ਦੇ ਸਾਹਮਣੇ ਮੰਨਤ ਮੰਨਣ ਦਾ ਬੜਾ ਸਿੱਧਾ ਜਿਹਾ ਕਾਰਣ ਉਹਦਾ ਇਲਾਹੀ ਢੰਗ ਨਾਲ ਛੁਟਕਾਰੇ ਲਈ ਸ਼ੁਕਰਗੁਜ਼ਾਰੀ ਕਰਨਾ ਸੀ; ਇਸ ਵਿਚ ਕੋਈ ਸ਼ੱਕ ਨਹੀਂ ਕਿ ਪੌਲੁਸ ਪ੍ਰਭੂ ਨੂੰ ਆਪਣੇ ਵਾਅਦੇ ਪੂਰੇ ਕਰਨ ਲਈ ''ਸ਼ੁਕਰੀਆ'' ਕਹਿ ਰਿਹਾ ਸੀ!

ਮੈਂ ਕਲਪਨਾ ਕਰਦਾ ਹਾਂ ਕਿ ਪੌਲੁਸ ਨੇ ਪੂਰੇ ਅਖਾਇਆ ਵਿਚ ਵਚਨ ਸੁਣਾਉਂਦਿਆਂ ਕਹਾਣੀ ਦਾ ਨਿਚੋੜ ਨਾ ਦੱਸਿਆ ਹੋਵੇਗਾ ਕਿ ''ਪ੍ਰਭੂ ਹਮੇਸ਼ਾ ਆਪਣੇ ਵਾਅਦੇ ਪੂਰੇ ਕਰਦਾ ਹੈ! ਜਦ ਉਹ ਕੁਝ ਕਹਿੰਦਾ ਹੈ ਤਾਂ ਅਸੀਂ ਉਸ ਉੱਤੇ ਭਰੋਸਾ ਕਰ ਸਕਦੇ ਹਾਂ!''

## ਸਾਰ (18:18-22)

18 ਤੋਂ 22 ਆਇਤਾਂ ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ ਨੂੰ ਸਮੇਟ ਦਿੰਦੀਆਂ ਹਨ। ''ਪੌਲੁਸ ਹੋਰ ਵੀ ਬਹੁਤ ਦਿਨ ਉੱਥੇ ਠਹਿਰ ਕੇ ਫੇਰ ਭਾਈਆਂ ਕੋਲੋਂ ਵਿਦਿਆ ਹੋਇਆ ... ਜਹਾਜ਼ ਤੇ ਸੂਰੀਆ ਦੀ ਵੱਲ ਨੂੰ ਚਲਿਆ ਗਿਆ'' (ਆਇਤ 18ੳ)। ਕੁਰਿੰਥੁਸ ਵਿਚ ਆਪਣਾ ਕੰਮ ਪੂਰਾ ਕਰਕੇ ਪੌਲੁਸ ਸੂਰੀਆ ਦੇ ਅੰਤਾਕੀਆ ਵਿਚ ਜਾਣ ਦੀਆਂ ਯੋਜਨਾਵਾਂ ਬਣਾਉਣ ਲੱਗਾ, ਜਿੱਥੇ ਉਹਨੇ ਤਿੰਨ ਸਾਲ ਪਹਿਲਾਂ ਸੇਵਕਾਈ ਸ਼ੁਰੂ ਕੀਤੀ ਸੀ। ''ਉਹਦੇ ਨਾਲ ਪ੍ਰਿਸਕਿੱਲਾ ਅਤੇ ਅਕੂਲਾ ਸਨ''[29] (ਆਇਤ 18ਅ) ਜੋ ਉਹਦੇ ਸਾਥੀ ਸਮੀਹੀ, ਦੋਸਤ ਅਤੇ ਸਾਥੀ ਤੰਬੂ ਬਣਾਉਣ ਵਾਲੇ ਸਨ।

ਸਿਰਫ਼ ਪ੍ਰਿਸਕਿੱਲਾ ਅਤੇ ਅਕੂਲਾ ਦਾ ਹੀ ਜ਼ਿਕਰ ਕੀਤਾ ਗਿਆ, ਇਸ ਲਈ ਹੋ ਸਕਦਾ ਹੈ ਕਿ ਪੌਲੁਸ ਨੇ ਕੁਰਿੰਥੁਸ ਵਿਚ ਕੰਮ ਜਾਰੀ ਰੱਖਣ ਲਈ ਸੀਲਾਸ ਅਤੇ ਤਿਮੋਥਿਉਸ ਨੂੰ ਉੱਥੇ ਹੀ ਛੱਡ ਦਿੱਤਾ ਹੋਵੇ। ਰਸੂਲਾਂ ਦੇ ਕੰਮ ਕਿਤਾਬ ਵਿਚ ਅਸੀਂ ਪਿਛਲੀ ਵਾਰ ਸੀਲਾਸ ਬਾਰੇ ਉਦੋਂ ਪੜ੍ਹਿਆ ਸੀ ਜਦ ਉਹ ਕੁਰਿੰਥੁਸ ਵਿਚ ਸੀ (ਆਇਤ 5)। ਇਸ ਤੋਂ ਪਹਿਲਾਂ ਕਿ ਇਹ ਆਦਮੀ ਸਾਡੀਆਂ ਨਜ਼ਰਾਂ ਤੋਂ ਉਹਲੇ ਹੋ ਜਾਵੇ, ਜਿਸ ਨੇ ਜੇਲ੍ਹ ਵਿਚ ਪੌਲੁਸ ਨਾਲ ਦੁਆ ਕੀਤੀ ਅਤੇ ਭਜਨ ਗਾਏ ਸਨ, ਸਾਨੂੰ ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ ਵਿਚ ਉਹਦੇ ਬੇਸ਼ਕੀਮਤੀ ਯੋਗਦਾਨ ਨੂੰ ਮੰਨ ਲੈਣਾ ਚਾਹੀਦਾ ਹੈ। ਅਸੀਂ ਸੀਲਾਸ ਦੇ ਅਗਲੇ ਕੰਮ ਬਾਰੇ ਬਹੁਤ ਘੱਟ ਜਾਣਦੇ ਹਾਂ, ਸਿਵਾਏ ਇਸ ਦੇ ਕਿ ਉਹਨੇ ਬਾਅਦ ਵਿਚ ਪਤਰਸ ਨਾਲ ਕੰਮ ਕੀਤਾ (1 ਪਤਰਸ 5:12)। ਪਰ ਮੈਨੂੰ ਪੂਰਾ ਯਕੀਨ ਹੈ ਕਿ ਸਿਲਾਸ ਪ੍ਰਭੂ ਦੇ ਵਫ਼ਾਦਾਰ ਸੇਵਕ ਵਾਂਗ ਕੰਮ ਕਰਦਾ ਰਿਹਾ।

ਪੌਲੁਸ ਅਤੇ ਉਹਦੇ ਸਾਥੀ ਕੰਖਰੀਆ ਤੋਂ (ਆਇਤ 18) ਚੱਲ ਪਏ ਜੋ ਸਰੋਨਿਕ ਪਹਾੜੀ ਤੇ ਮਹੱਤਵਪੂਰਣ ਕੁਰਿੰਥੀ ਬੰਦਰਗਾਹ ਸੀ। ਬਾਅਦ ਵਿਚ ਅਸੀਂ ਕਿੰਖਰੀਆ ਵਿਚ ਇਕ ਮੰਡਲੀ ਬਾਰੇ ਪੜ੍ਹਦੇ ਹਾਂ (ਰੋਮੀਆਂ 16:1), ਜਿਸ ਨੂੰ ਹੋ ਸਕਦਾ ਹੈ ਕਿ ਕੁਰਿੰਥੁਸ ਵਿਚ ਪੌਲੁਸ ਦੇ ਕੰਮ ਦੌਰਾਨ ਕਾਇਮ ਕੀਤਾ ਗਿਆ ਹੋਵੇ। ਉਨ੍ਹਾਂ ਦਾ ਪਹਿਲਾ ਮੁੱਖ ਪੜਾਅ ਅਫ਼ਸੁਸ ਸੀ (ਆਇਤ 19), ਜੋ ਅਸੀਆ ਦੇ ਰੋਮੀ ਰਾਜ ਦੀ ਰਾਜਧਾਨੀ ਸੀ ਅਤੇ ਯਕੀਨਨ ਹੀ ਪਹਿਲਾਂ ਵੀ ਪੌਲੁਸ ਨੇ ਇਹਨੂੰ ਆਪਣੀ ਮੰਜ਼ਿਲ ਬਣਾਉਣਾ ਚਾਹਿਆ ਸੀ। ਉਸ ਵਕਤ ਖ਼ੁਦਾ ਨੇ ਉਹਨੂੰ ਏਸ਼ੀਆ ਵਿਚ ਵਚਨ ਸੁਣਾਉਣ ਤੋਂ ਰੋਕਿਆ ਸੀ (16:6), ਜ਼ਾਹਿਰ ਹੈ ਕਿ ਹੁਣ ਉਸ ਤੋਂ ਇਹ ਰੋਕ ਹਟਾ ਲਈ ਗਈ ਸੀ। ਪੌਲੁਸ ਨੇ ਅਫ਼ਸੁਸ ਵਿਚ[30] ਥੋੜ੍ਹੀ ਦੇਰ ਰਹਿ ਕੇ ਬਿਤਾਏ ਸਮੇਂ ਨਾਲ ਯਹੂਦੀਆਂ ਵੱਲੋਂ ਵਚਨ ਨੂੰ ਕਬੂਲ ਕਰਨ ਦੀ ਗੱਲ ਸਮਝ ਲਈ ਸੀ।

> ਪਰ ਆਪ ਸਮਾਜ ਵਿਚ ਜਾ ਕੇ ਯਹੂਦੀਆਂ ਦੇ ਨਾਲ ਗਿਆਨ ਗੋਸ਼ਟੀ ਕੀਤੀ। ਤਾਂ ਉਨ੍ਹਾਂ ਨੇ ਉਹ ਦੇ ਅੱਗੇ ਬੇਨਤੀ ਕੀਤੀ ਭਈ ਉਹ ਕੁਝ ਦਿਨ ਹੋਰ ਰਹੇ[31] ਪਰ ਉਹ ਨੇ ਨਾ ਮੰਨਿਆ। ਪਰੰਤੂ ਇਹ ਕਹਿ ਕੇ ਭਈ ਪ੍ਰਮੇਸ਼ਵਰ ਚਾਹੇ[32] ਤਾਂ ਮੈਂ ਤੁਹਾਡੇ ਕੋਲ ਫੇਰ ਆਵਾਂਗਾ ਉਹ ਉਨ੍ਹਾਂ ਕੋਲੋ ਵਿਦਿਆ ਹੋਇਆ[33] ਅਤੇ ਜਹਾਜ਼ ਤੇ ਚੜ੍ਹ ਕੇ ਅਫ਼ਸੁਸ ਤੋਂ ਚਲਿਆ ਗਿਆ (18:19ੲ-21)।

ਆਪਣੀ ਵਾਪਸੀ ਦੀ ਜ਼ਮੀਨ ਤਿਆਰ ਕਰਨ ਲਈ ਪੌਲੁਸ ਅਕੂਲਾ ਅਤੇ ਪ੍ਰਿਸਕਿੱਲਾ ਨੂੰ ਉੱਥੇ ਹੀ ਛੱਡ ਗਿਆ (ਆਇਤ 19ਅ)।[34] ਇਕ ਹੋਰ ਮਹੀਨੇ ਜਾਂ ਇਸ ਤੋਂ ਵੱਧ ਦੇ ਸਫ਼ਰ ਦੇ

ਬਾਅਦ ਉਹਦਾ ਜਹਾਜ਼ ਅਖ਼ੀਰ ਫ਼ਿਲਿਪੁਸ ਇੰਜੀਲ ਦੇ ਪ੍ਰਚਾਰਕ ਅਤੇ ਸੂਬੇਦਾਰ ਕੁਰਨੇਲਿਉਸ ਦੇ ਜੱਦੀ ਸ਼ਹਿਰ ਕੈਸਰੀਆ ਵਿਚ ਰੁਕ ਗਿਆ (8:40; 10:1; 21:8)। ''ਉਹ ਕੈਸਰੀਆ ਵਿਚ ਉੱਤਰਿਆ ਅਰ ਜਾਂ ਉਹਨੇ ਜਾ ਕੇ ਕਲੀਸੀਆ ਦੀ ਸੁੱਖ ਸਾਂਦ ਪੁੱਛੀ'' (18:22ੳ)। ਇਹ ਕੈਸਰੀਆ ਵਿਚ ਇਕੱਠੀ ਹੋਣ ਵਾਲੀ ਮੰਡਲੀ ਜਾਂ ਯਰੂਸ਼ਲਮ ਦੀ ਕਲੀਸੀਆ ਦੀ ਗੱਲ ਹੋ ਸਕਦੀ ਹੈ।[35] ਅਖ਼ੀਰ ਉਹ ''ਅੰਤਾਕੀਆ ਵਿਚ ਆਇਆ'' (ਆਇਤ 22ਅ); ਕੋਈ ਸ਼ੱਕ ਨਹੀਂ ਕਿ ਫੇਰ ਉਹਦਾ ਸਵਾਗਤ ਗਰਮਜੋਸ਼ੀ ਨਾਲ ਹੋਇਆ ਅਤੇ ਇਕ ਵਾਰ ਫਿਰ ਉਹਨੇ ਦੱਸਿਆ ਕਿ ਯੂਨਾਨ ਵਿਚ ਤਿੰਨ ਸਾਲਾਂ ਤੇ ਕੰਮ ਦੌਰਾਨ ਖ਼ੁਦਾ ਨੇ ਉਹਦੇ ਅਤੇ ਉਹਦੇ ਸਾਥੀਆਂ ਰਾਹੀਂ ''ਕੀ ਕੀਤਾ'' (14:27)। ਪੌਲੁਸ ਨੇ ਜ਼ਰੂਰ ਹੀ ਕੁਰਿੰਥੁਸ ਵਿਚ ਪ੍ਰਭੂ ਵੱਲੋਂ ਉਸ ਨੂੰ ਛੁਡਾਏ ਜਾਣ ਦੀ ਗੱਲ ਦੱਸੀ ਹੋਵੇਗੀ। ਮੈਂ ਫੇਰ ਕਲਪਨਾ ਕਰਦਾ ਹਾਂ ਕਿ ਪੌਲੁਸ ਨੇ ਆਪਣੇ ਸੁਣਨ ਵਾਲਿਆਂ ਉੱਤੇ ਜ਼ੋਰ ਦਿੱਤਾ ਕਿ ''ਪ੍ਰਭੂ ਆਪਣਾ ਵਾਅਦਾ ਹਮੇਸ਼ਾ ਪੂਰਾ ਕਰਦਾ ਹੈ! ਤੁਸੀਂ ਇਸ ਨੂੰ ਗੰਢ ਬੰਨ੍ਹ ਕੇ ਰੱਖ ਸਕਦੇ ਹੋ!''

ਅਖ਼ੀਰ ਵਿਚ ਜਿਨ੍ਹਾਂ ਪਾਠਾਂ ਦਾ ਅਸੀਂ ਅਧਿਐਨ ਕੀਤਾ ਹੈ ਆਓ ਕੁਝ ਪਲ ਲਈ ਉਨ੍ਹਾਂ ਉੱਤੇ ਫੇਰ ਵਿਚਾਰ ਕਰੀਏ। ਇਕ ਸਿੱਖਿਆ ਇਹ ਹੈ ਕਿ ਪ੍ਰਭੂ ਆਪਣੇ ਲੋਕਾਂ ਦੇ ਨਾਲ ਰਹਿੰਦਾ ਹੈ (ਯਸਾਯਾਹ 41:10; ਇਬਰਾਨੀਆਂ 13:5)। ਇਕ ਹੋਰ ਸਿੱਖਿਆ ਇਹ ਹੈ ਕਿ ਜੇ ਅਸੀਂ ਵਚਨ ਸੁਣਾਉਣ ਅਤੇ ਸਿੱਖਿਆ ਦੇਣ ਵਿਚ ਇਮਾਨਦਾਰ ਹਾਂ ਤਾਂ ਪ੍ਰਭੂ ਸਾਨੂੰ ਬਰਕਤ ਦੇਵੇਗਾ (1 ਕੁਰਿੰਥੀਆਂ 3:6, 7)। ਯਕੀਨਨ ਹੀ ਜਿੱਥੇ ਪ੍ਰਭੂ ਨੇ ਸਾਨੂੰ ਕੰਮ ਕਰਨ ਲਈ ਸੱਦਿਆ ਹੈ ਉਹ ਥਾਂ ਕੁਰਿੰਥੁਸ ਵਰਗੀ ਅਣਭਾਉਂਦੀ ਨਹੀਂ ਹੋਵੇਗੀ! ਪਰ ਮੈਨੂੰ ਉਮੀਦ ਹੈ ਕਿ ਜੋ ਸਬਕ ਸਾਨੂੰ ਮਿਲਦਾ ਹੈ ਉਹ ਇਹ ਹੈ ਕਿ ਪ੍ਰਭੂ ਆਪਣੇ ਵਾਅਦੇ ਹਮੇਸ਼ਾ ਪੂਰੇ ਕਰਦਾ ਹੈ। ਤੁਸੀਂ ਖ਼ੁਦਾ ਅਤੇ ਉਹਦੇ ਵਾਅਦਿਆਂ ਉੱਤੇ ਭਰੋਸਾ ਕਰ ਸਕਦੇ ਹੋ। ਇਹ ਵਾਅਦੇ ਇਸ ਤਰ੍ਹਾਂ ਹਨ:

> ਅਸੀਂ ਜਾਣਦੇ ਹਾਂ ਭਈ ਜਿਹੜੇ ਪ੍ਰਮੇਸ਼ਵਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਅਰਥਾਤ ਉਨ੍ਹਾਂ ਦਾ ਜਿਹੜੇ ਪ੍ਰਮੇਸ਼ਵਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ (ਰੋਮੀਆਂ 8:28)।
>
> ਉਪਰੰਤ ਅਸੀਂ ਇਨ੍ਹਾਂ ਗੱਲਾਂ ਉੱਤੇ ਕੀ ਆਖੀਏ? ਜਦੋਂ ਪ੍ਰਮੇਸ਼ਵਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ? (ਰੋਮੀਆਂ 8:31)

ਭਲਾ ਮੈਂ ਪ੍ਰਭੂ ਅਤੇ ਉਹਦੇ ਵਾਅਦਿਆਂ ਉੱਤੇ ਭਰੋਸਾ ਕਰ ਰਿਹਾ ਹਾਂ? ਤੁਸੀਂ ਕਰ ਰਹੇ ਹੋ?[36]

---

ਟਿੱਪਣੀਆਂ

[1]ਕੁਰਿੰਥੁਸ ਵਿਚ *ਭਾਵੀ* ਅਰਥ ਵਿਚ ''ਕਈ ਲੋਕ'' ਸਨ। ਇਹ ਆਇਤ ਇਹ ਨਹੀਂ ਸਿਖਾਉਂਦੀ ਕਿ ਖ਼ੁਦਾ ਨੇ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਕੌਣ ਬਚਾਇਆ ਜਾਵੇਗਾ ਅਤੇ ਕੌਣ ਨਾਸ ਹੋਵੇਗਾ। ਮਨਬਦਲੀ ਦੀਆਂ ਜਿੰਨੀਆਂ ਵੀ ਉਦਾਹਰਣਾਂ ਅਸੀਂ ਵੇਖੀਆਂ ਹਨ ਉਨ੍ਹਾਂ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਸਭ ਨੂੰ ਇੰਜੀਲ ਨੂੰ ਕਬੂਲ

ਕਰਨ ਅਤੇ ਠੁਕਰਾਉਣ ਦੀ ਖੁੱਲ੍ਹ ਹੈ। [2]ਖ਼ੁਦਾ ਨੇ ਜੋ ਸਭ ਕੁਝ ਜਾਣਦਾ ਹੈ, ਸ਼ਾਇਦ ਭਵਿੱਖ ਵਿਚ ਝਾਕ ਕੇ ਵੇਖ ਲਿਆ ਸੀ ਕਿ ਪਤਰਸ ਦੇ ਪ੍ਰਚਾਰ ਦਾ ਕੀ ਹੁੰਗਾਰਾ ਮਿਲੇਗਾ। [3]''ਬਹੁਤ ਸਾਰੇ'' ਲੋਕਾਂ ਨੇ ਪਹਿਲਾਂ ਹੀ ਬਪਤਿਸਮਾ ਲੈ ਲਿਆ ਸੀ (ਆਇਤ 8)। ਧਿਆਨ ਦਿਓ ਕਿ ਖ਼ੁਦਾ ਦਾ ਪੌਲੁਸ ਨੂੰ ਸੁਰੱਖਿਆ ਦੇਣਾ ਉਹਦੇ ਭਲੇ ਲਈ ਹੀ ਨਹੀਂ ਸਗੋਂ ਕੁਰਿੰਥੁਸ ਵਿਚ ਇੰਜੀਲ ਨੂੰ ਕਬੂਲ ਕਰਨ ਵਾਲਿਆਂ ਲਈ ਵੀ ਸੀ ਭਾਵ ਪੌਲੁਸ ਨੂੰ ਕੁਰਿੰਥੁਸ ਵਿਚ ਰੱਖਣ ਲਈ ਤਾਂ ਉਹ ਉਨ੍ਹਾਂ ਲੋਕਾਂ ਵਿਚ ਪ੍ਰਚਾਰ ਕਰ ਸਕਦਾ। [4]ਆਇਤ 11 ਸ਼ਾਇਦ ਕੁਰਿੰਥੁਸ ਵਿਚ ਪੌਲੁਸ ਦੇ ਸਮੇਂ ਦੀ ਸੰਖੇਪ ਗੱਲ ਹੈ ਅਤੇ ਇਸ ਵਿਚ ਹੋਰ ਸਮਿਆਂ ਦਾ ਜ਼ਿਕਰ ਵੀ ਹੈ, ਪਰ ਇਹ ਸੰਭਾਵਨਾ ਰਹਿ ਜਾਂਦੀ ਹੈ ਕਿ ਪੌਲੁਸ ਉੱਥੇ ਡੇਢ ਸਾਲ ਤੋਂ ਲੈ ਕੇ ਕਈ ਮਹੀਨੇ ਤਕ ਰਿਹਾ। [5]ਇੱਥੇ ਗ਼ਲਤ ਤਰ੍ਹਾਂ ਦੀ ਏਕਤਾ ਦੀ ਮਿਸਾਲ ਹੈ (ਇਕ ਹੋਰ ਉਦਾਹਰਣ ਲਈ, ਵੇਖੋ 5:9)। ਏਕਤਾ ਦੀ ਬਹੁਤ ਹੀ ਲੋੜ ਹੈ, ਪਰ ਖ਼ੁਦਾ ਦੀ ਮਰਜ਼ੀ ਪੂਰੀ ਕਰਨ ਤੋਂ ਵਧ ਕੇ ਨਹੀਂ। [6]ਇਨ੍ਹਾਂ ਲੇਖਕਾਂ ਵਿਚ ਟੈਕਟੀਟੁਸ, ਪਲਾਇਨੀ, ਸਿਨੇਕਾ ਅਤੇ ਹੋਰ ਸ਼ਾਮਲ ਹਨ। [7]ਇਹ ਮਿਤੀ ਰਸੂਲਾਂ ਦੇ ਕੰਮ ਦੇ ਕਾਲਕ੍ਰਮ ਅਤੇ 1 ਅਤੇ 2 ਥੱਸਲੁਨੀਕੀਆਂ ਦੇ ਲਿਖਣ ਦੇ ਸਮੇਂ ਬਾਰੇ ਜਾਣਨ ਵਿਚ ਮਦਦਗਾਰ ਹੈ। ਅਸੀਂ ਕੁਰਿੰਥੁਸ ਵਿਚ ਪੌਲੁਸ ਦੇ ਕੰਮ ਦਾ ਸਹੀ ਸਮਾਂ ਸੰਨ 50 ਦੇ ਪਤਝੜ ਤੋਂ ਸੰਨ 52 ਦੀ ਬਸੰਤ ਰੁੱਤ ਕਹਿ ਸਕਦੇ ਹਾਂ। [8]ਕੁਰਿੰਥੁਸ ਰੋਮੀ ਸਾਮਰਾਜ ਦੇ ਅਖਾਇਆ ਦੀ ਰਾਜਧਾਨੀ ਸੀ। [9]ਮੌਕਾ ਮਿਲਦਾ ਤਾਂ ਬੇਸ਼ੱਕ ਪੌਲੁਸ ਨੇ ਇਸ ਮੰਚ ਤੋਂ ਪ੍ਰਚਾਰ ਵੀ ਕਰਨਾ ਸੀ। [10]NCV ਵਿਚ ''ਸਾਡੀ ਸ਼ਰ੍ਹਾ'' ਕਿਹਾ ਗਿਆ ਹੈ।

[11]*Relgio licita.* [12]ਲਗਦਾ ਹੈ ਕਿ ਗਲੀਓ ਨੇ ਯਹੂਦੀਆਂ ਅਤੇ ਮਸੀਹੀ ਲੋਕਾਂ ਦਰਮਿਆਨ ਝਗੜੇ ਬਾਰੇ ਕੁਝ ਸੁਣਿਆ ਹੋਇਆ ਸੀ। ਸ਼ਾਇਦ ਯਹੂਦੀਆਂ ਨੇ ਆਪਣੇ ਇਲਜ਼ਾਮ ਵਿਚ ''ਸ਼ਬਦਾਂ ਅਤੇ ਨਾਂਵਾਂ'' ਦਾ ਜ਼ਿਕਰ ਕੀਤਾ ਸੀ। ''ਸ਼ਬਦਾਂ'' ਵਿਚ ਸ਼ਾਇਦ ''ਮੁਕਤੀ'' ਅਤੇ ''ਜੀ ਉੱਠਣ'' ਵਰਗੀਆਂ ਗੱਲਾਂ ਹੋਣਗੀਆਂ ਜਦਕਿ ''ਨਾਵਾਂ'' ਦਾ ਸਵਾਲ ਇਸ ਦੇ ਆਲੇ ਦੁਆਲੇ ਹੋਵੇਗਾ ਕਿ ਕੀ ''ਯਿਸੂ'' ਅਸਲ 'ਚ ''ਮਸੀਹ'' ਸੀ ਵੀ। [13]ਜੇ ਗਲੀਓ ਨੂੰ ਸਿਆਸੀ ਭਰੋਸੇ ਦੀ ਲੋੜ ਹੁੰਦੀ ਤਾਂ ਉਹਨੂੰ ਇਹ ਇਸ ਗੱਲ ਵਿਚ ਮਿਲ ਜਾਣਾ ਸੀ ਕਿ ਉਸ ਵੇਲੇ ਰੋਮ ਯਹੂਦੀਆਂ ਦੇ ਪੱਖ ਵਿਚ ਨਹੀਂ ਸੀ (18:2) ਪਰ ਰੋਮ ਵਿਚ ਜਿਹੋ ਜਿਹੇ ਵੀ ਹਾਲਾਤ ਹੋਣ, ਉਹਨੇ ਆਪਣੀ ਮਰਜ਼ੀ ਮੁਤਾਬਕ ਹਕੂਮਤ ਕੀਤੀ ਹੋਵੇਗੀ। [14]ਮੇਰੇ ਖ਼ਿਆਲ 'ਚ ਆਇਤ 13 ਵਿਚ ''ਸ਼ਰ੍ਹਾ'' ਰੋਮੀ ਕਾਨੂੰਨ ਨੂੰ ਕਿਹਾ ਗਿਆ, ਕਿਉਂਕਿ ਹਾਕਮ ਲਈ ਉਸ ਨੂੰ ਬਣਾਈ ਰੱਖਣਾ ਜ਼ਰੂਰੀ ਸੀ। [15]''ਖ਼ੁਦਾ ਦੀ ਮਦਦ ਨਾਲ ਬਦਲਦੀਆਂ ਜ਼ਿੰਦਗੀਆਂ'' ਪਾਠ ਵਿਚ ਰਸੂਲਾਂ ਦੇ ਕੰਮ 16:22, 23, 35, 38 ਤੇ ਨੋਟਸ ਵੇਖੋ। [16]''ਨਾ ਡਰ'' ਪਾਠ ਵਿਚ ਰਸੂਲਾਂ ਦੇ ਕੰਮ 18:8 ਤੇ ਨੋਟਸ ਵੇਖੋ। [17]''ਖਰੇ ਦਿਲਾਂ ਦੀ ਤਲਾਸ਼'' ਪਾਠ ਵਿਚ 17:5 ਤੇ ਨੋਟਸ ਵੇਖੋ। [18]ਜੇ ਇਸ ਆਇਤ ਤੋਂ ਭਾਵ ਇਹ ਹੈ ਕਿ ਸੋਸਥਨੇਸ ਦੀ ਕੁਟਾਈ ਦੀ ''ਗਲੀਓ ਨੇ ਕੁਝ ਵੀ ਪਰਵਾਹ ਨਾ ਕੀਤੀ,'' ਤਾਂ ਹੋ ਸਕਦਾ ਹੈ ਕਿ ਉਹਨੂੰ ਇਸ ਕਾਰਵਾਹੀ ਵਿਚ ਕੁਝ ਨਿਆਂ ਦੀ ਗੱਲ ਨਜ਼ਰ ਆਈ ਹੋਵੇ। ਸ਼ਾਇਦ ਉਹਨੂੰ ਲੱਗਾ ਕਿ ''ਇਸ ਜੁਰਮ ਦੀ ਸਜ਼ਾ ਜਾਇਜ਼ ਹੈ।'' [19]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦਾ ਅਪੋਸਟਲਜ਼,* ਸੋਧਿਆ ਅੰਕ (ਫਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1976), 137। [20]ਸੁਝਾਅ ਦਿੱਤਾ ਗਿਆ ਹੈ ਕਿ ਗਲੀਓ ਦਾ ਪੌਲੁਸ ਨਾਲ ਨਿਰਪੱਖ ਵਿਹਾਰ ਬਾਅਦ ਵਿਚ ਰੋਮ ਵਿਚ ਉਹਦੀ ਇਕ ਅਪੀਲ ਕਰਕੇ ਹੋਵੇਗਾ (25:11)।

[21]19 ਅਕਤੂਬਰ 1986 ਨੂੰ ਸਦਰਨ ਹਿੱਲਜ਼ ਚਰਚ ਆਫ਼ ਕ੍ਰਾਈਸਟ, ਅਬਿਲੇਨ, ਟੈਕਸਸ ਵਿਚ ਦਿੱਤਾ ਗਿਆ ''ਟੇਕਿੰਗ ਕਰੇਜ ਐਂਡ ਟੇਕਿੰਗ ਕੁਰਿੰਥ'' ਰਿਕ ਐਚਲੇ ਦਾ ਸੰਦੇਸ਼। [22]ਪੌਲੁਸ ਹੋਰ ਕਈ ਥਾਵਾਂ ਦੇ ਮੁਕਾਬਲੇ ਕੁਰਿੰਥੁਸ ਵਿਚ ਬਹੁਤੀ ਦੇਰ ਰਿਹਾ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਕਲੀਸੀਆ ਵਿਚ ਉਹਨੇ ਕੰਮ ਕੀਤਾ ਉਨ੍ਹਾਂ ਵਿਚ ਸਭ ਤੋਂ ਚੰਗੀ ਤਰ੍ਹਾਂ ਉਹ ਕੁਰਿੰਥੁਸ ਦੀ ਕਲੀਸੀਆ ਨੂੰ ਸਿਖਾ ਸਕਿਆ। ਫਿਰ 1 ਕੁਰਿੰਥੀਆਂ ਨੂੰ ਪੜ੍ਹ ਕੇ ਅਸੀਂ ਕਲੀਸੀਆ ਵਿਚ ਐਨੀਆਂ ਮੁਸ਼ਕਲਾਂ ਬਾਰੇ ਪੜ੍ਹ ਕੇ ਦੰਗ ਰਹਿ ਜਾਂਦੇ ਹਾਂ। ਇਕ ਲੇਖਕ ਨੇ ਸਹੀ ਟਿੱਪਣੀ ਕੀਤੀ ਸੀ ਕਿ ਕੁਰਿੰਥੁਸ ਦੀ ਕਲੀਸੀਆ ਨੂੰ ਜੇ ਐਨੀ ਚੰਗੀ ਤਰ੍ਹਾਂ ਨਾ ਸਿਖਾਇਆ ਜਾਂਦਾ ਤਾਂ ਉਸ ਵਿਚ ਇਸ ਤੋਂ ਵੀ *ਬਹੁਤੀਆਂ* ਮੁਸ਼ਕਿਲਾਂ ਹੋਣੀਆਂ ਸਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਮਸੀਹੀ ਲੋਕਾਂ ਨੂੰ ਕਿਵੇਂ ਗੰਦੇ ਨਾਲੇ ਵਿੱਚੋਂ ਕੱਢ ਕੇ ਲਿਆਂਦਾ ਗਿਆ ਸੀ। [23]ਕੁਰਿੰਥੁਸ ਵਿਚ ਰਹਿੰਦਿਆਂ, ਮੈਂ ਇਕ ਪੱਥਰ ਉੱਤੇ ''ਸੋਸਥਨੇਸ'' ਉੱਕਰਿਆ ਹੋਇਆ ਵੇਖਿਆ। ਇਹ ਨਾਂਅ ਐਨਾ ਮਸ਼ਹੂਰ ਸੀ ਕਿ ਅਸੀਂ 1 ਕੁਰਿੰਥੀਆਂ 1:1 ਵਿਚ ਦਿੱਤੇ ਸੋਸਥਨੇਸ ਦੀ ਪਛਾਣ ਬਾਰੇ ਅੜੀਅਲ ਨਹੀਂ ਹੋ ਸਕਦੇ। [24]2 ਤਿਮੋਥਿਉਸ 4:20 ਕੁਰਿੰਥੁਸ ਵਿਚ ''ਏਰਸਤੁਸ'' ਦਾ ਜ਼ਿਕਰ ਇਸ ਖ਼ਿਆਲ ਨਾਲ ਹੈ ਕਿ ਉਹ ਪੌਲੁਸ ਨਾਲ ਗਿਆ ਸੀ। ਇਹ ਉਹੀ ਆਦਮੀ ਹੋ ਸਕਦਾ ਹੈ। [25]ਵੇਖੋ ਰੋਮੀਆਂ 16:23. [26]2 ਕੁਰਿੰਥੀਆਂ 1:1 ਵਿਚ ਪੌਲੁਸ ਨੇ ''ਸਭਨਾਂ ਸੰਤਾਂ … ਜਿਹੜੇ ਸਾਰੇ ਅਖਾਇਆ ਵਿਚ ਹਨ'' ਦੀ ਗੱਲ ਕੀਤੀ। ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਕੁਰਿੰਥੁਸ (2 ਕੁਰਿੰਥੀਆਂ 1:1) ਅਤੇ ਕਿੰਖਰੀਆ (ਰੋਮੀਆਂ 16:1) ਵਿਚ ਮੰਡਲੀਆਂ ਕਾਇਮ ਹੋਈਆਂ ਸਨ ਅਤੇ ਅਸੀਂ ਸੁਝਾਅ ਦਿੱਤਾ ਹੈ ਕਿ ਇਕ ਮੰਡਲੀ ਅਥੇਨੇ ਵਿਚ ਵੀ

ਕਾਇਮ ਹੋਈ ਸੀ (''ਸਭ ਤੋਂ ਮਹਾਨ ਉਪਦੇਸ਼ਾਂ ਵਿੱਚੋਂ ਇਕ'' ਪਾਠ ਵਿਚ 17:34 ਤੇ ਨੋਟਸ ਵੇਖੋ)। ਪਰ ਪੂਰੇ ਇਲਾਕੇ ਵਿਚ ਹੋਰ ਵੀ ਬਹੁਤ ਸਾਰੇ ਮਸੀਹੀ ਹੋਣਗੇ। [27]''ਨਾ ਡਰ'' ਪਾਠ ਵਿਚ ਟਿੱਪਣੀ 54 ਵਿਚ 1 ਅਤੇ 2 ਥੱਸਲੁਨੀਕੀਆਂ ਦੇ ਲਿਖਣ ਦੇ ਸਮੇਂ ਤੇ ਨੋਟਸ ਵੇਖੋ। [28]ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਇਕ ਆਰਜ਼ੀ ਨਜ਼ੀਰੀ ਮੰਨਤ ਸੀ (ਗਿਣਤੀ 6:1-21), ਪਰ ਉਸ ਮੰਨਤ ਵਿਚ ਮੰਨਤ ਦੇ ਸ਼ੁਰੂ 'ਚ ਨਹੀਂ ਸਗੋਂ ਅਖ਼ੀਰ 'ਚ ਸਿਰ ਮੁਨਾਇਆ ਜਾਂਦਾ ਸੀ। ਅਤੇ ਸਿਰ ਯਰੂਸ਼ਲਮ ਤੋਂ ਬਾਹਰ ਨਹੀਂ ਸਗੋਂ ਯਰੂਸ਼ਲਮ ਦੇ ਅੰਦਰ ਮੁਨਾਇਆ ਜਾਂਦਾ। ਪੌਲੁਸ ਦੀ ਮੰਨਤ ਅਤੇ ਉਹਦੇ ਨਾਲ ਜੁੜੀਆਂ ਰਵਾਇਤਾਂ ਯਹੂਦੀ ਪਿਛੋਕੜ ਤੋਂ ਲਈਆਂ ਗਈਆਂ ਹੋਣਗੀਆਂ। ਜ਼ਾਹਿਰ ਹੈ ਕਿ ਪੌਲੁਸ ਕੁਝ ਖ਼ਾਸ ਯਹੂਦੀ ਰਵਾਇਤਾਂ ਨੂੰ ਵੀ ਮੰਨਦਾ ਰਿਹਾ ਜਿਨ੍ਹਾਂ ਨਾਲ ਮਸੀਹੀਅਤ ਨੂੰ ਕੋਈ ਇਤਰਾਜ਼ ਨਹੀਂ ਸੀ ਅਤੇ ਉਨ੍ਹਾਂ ਨਾਲ ਉਹਦਾ ਮਾਣ ਨਹੀਂ ਘਟਦਾ ਸੀ (1 ਕੁਰਿੰਥੀਆਂ 9:20)। ਪੌਲੁਸ ਦੀ ਇਸ ਪਾਲਿਸੀ ਬਾਰੇ ਹੋਰ ਜਾਣਨ ਲਈ ਅਗਲੇ ਭਾਗ ਵਿਚ 21:23 ਤੇ ਨੋਟਸ ਵੇਖੋ। [29]ਧਿਆਨ ਦਿਓ ਕਿ ਰੋਮੀਆਂ 16:3 ਅਤੇ 2 ਤਿਮੋਥਿਉਸ 4:19 ਵਾਂਗ ਪ੍ਰਿਸਕਿੱਲਾ ਦਾ ਨਾਂਅ ਪਹਿਲਾਂ ਆਇਆ ਹੈ ਜਿਸ ਤੋਂ ਸ਼ਾਇਦ ਕਲੀਸੀਆ ਵਿਚ ਉਹਦੇ ਮੋਹਰੀ ਹੋਣ ਦਾ ਸੰਕੇਤ ਮਿਲਦਾ ਹੈ। [30]ਪਤਾ ਨਹੀਂ ਕਿ ਪੌਲੁਸ ਨੇ ਅਫ਼ਸੁਸ ਵਿਚ ਥੋੜ੍ਹਾ ਸਮਾਂ ਕਿਉਂ ਲਾਇਆ। ਕਈਆਂ ਦਾ ਮੰਨਣਾ ਹੈ ਕਿ ਉਹ ਪਸਾਹ ਦੇ ਪਰਬ ਲਈ ਸਮੇਂ ਸਿਰ ਯਰੂਸ਼ਲਮ ਵਿਚ ਪਹੁੰਚਣਾ ਚਾਹੁੰਦਾ ਸੀ। ਬਹੁਤੀ ਸੰਭਾਵਨਾ ਇਹ ਹੈ ਕਿ ਜਿਸ ਜਹਾਜ਼ ਵਿਚ ਉਹਨੇ ਜਾਣਾ ਸੀ ਉਸ ਨੇ ਪੁਰਾਣਾ ਮਾਲ ਲਾਹੁਣ ਅਤੇ ਨਵਾਂ ਮਾਲ ਚੜ੍ਹਾਉਣ ਲਈ ਅਫ਼ਸੁਸ ਦੀ ਬੰਦਰਗਾਹ ਤੇ ਕੁਝ ਹੀ ਦਿਨ ਠਹਿਰਨਾ ਸੀ।

[31]ਆਮ ਤੌਰ ਤੇ ਇਸ ਤਰ੍ਹਾਂ ਨਹੀਂ ਹੁੰਦਾ ਸੀ (ਵੇਖੋ 13:42)! [32]ਵੈਸਟਰਨ ਟੈਕਸਟ ਦੀ ਨਕਲ ਕਰਦਿਆਂ, KJV ਵਿਚ ਪੌਲੁਸ ਦੇ ਜਵਾਬ ਦੇ ਸ਼ੁਰੂ ਵਿਚ ਇਹ ਸ਼ਬਦ ਜੋੜੇ ਗਏ ਹਨ: ''ਮੇਰੇ ਲਈ ਹਰ ਹਾਲ ਵਿਚ ਇਸ ਪਰਬ ਤੇ ਯਰੂਸ਼ਲਮ ਵਿਚ ਹੋਣਾ ਜ਼ਰੂਰੀ ਹੈ।'' ਇਨ੍ਹਾਂ ਸ਼ਬਦਾਂ ਨੂੰ ਬੇਹਤਰੀਨ ਪੁਰਾਤਨ ਲਿਖਤਾਂ ਦੀ ਹਮਾਇਤ ਨਹੀਂ ਹੈ। [33]''ਪ੍ਰਮੇਸ਼ਵਰ ਚਾਹੇ ਤਾਂ'' ਵਾਕਾਂਸ਼ ਤੇ, ਵੇਖੋ ਯਾਕੂਬ 4:13-15 (ਮੱਤੀ 6:10; ਰੋਮੀਆਂ 1:10; 15:32; 1 ਕੁਰਿੰਥੀਆਂ 4:19; 16:7; ਇਬਰਾਨੀਆਂ 6:3 ਵੀ ਵੇਖੋ)। ਧਿਆਨ ਦਿਓ ਕਿ ਇਹ ਖ਼ੁਦਾ ਦੀ ਇੱਛਾ *ਸੀ,* ਕਿਉਂਕਿ ਪੌਲੁਸ ਵਾਪਸ *ਆ ਗਿਆ* (ਰਸੂਲਾਂ ਦੇ ਕੰਮ 19:1)। [34]ਸੁਝਾਅ ਦਿੱਤਾ ਗਿਆ ਹੈ ਕਿ ਅਕੂਲਾ ਅਤੇ ਪ੍ਰਿਸਕਿੱਲਾ ਨੇ ਤੰਬੂ ਬਣਾਉਣ ਦੀ ਆਪਣੀ ਕਿਰਤ ਵਿਚ ਅਫ਼ਸੁਸ ਵਿਚ ''ਇਕ ਬ੍ਰਾਂਚ ਦਫ਼ਤਰ ਖੋਲ੍ਹਣ'' ਦੀ ਇੱਛਾ ਜਤਾਈ ਹੋਵੇਗੀ। ਸਾਨੂੰ ਐਨਾ ਪਤਾ ਹੈ ਕਿ ਮਸੀਹ ਦੇ ਕੰਮ ਨੂੰ ਅੱਗੇ ਵਧਾਉਣ ਲਈ ਉਹ ਉਸ ਇਲਾਕੇ ਵਿਚ ਕਈ ਸਾਲ ਤਕ ਰਹੇ (ਰਸੂਲਾਂ ਦੇ ਕੰਮ 18:26; 1 ਕੁਰਿੰਥੀਆਂ 16:19)। [35]ਸੰਦਰਭ ਕੈਸਰੀਆ ਦੀ ਕਲੀਸੀਆ ਨਾਲ ਮੇਲ ਖਾਂਦਾ ਹੈ, ਪਰ ਸ਼ਬਦਾਂ ''ਵਿਚ'' ਅਤੇ ''ਨੂੰ'' ਸ਼ਬਦ ਯਰੂਸ਼ਲਮ ਲਈ ਢੁਕਦੇ ਹਨ (8:5; 9:30, 32; 11:2, 27; 13:31; 15:1, 2, 30)। [36]ਇਸ ਪਾਠ ਦੀ ਵਰਤੋਂ ਉਪਦੇਸ਼ ਦੇ ਰੂਪ ਵਿਚ ਕਰਨੀ ਹੋਵੇ ਤਾਂ ਮਰਕੁਸ 16:16; ਰਸੂਲਾਂ ਦੇ ਕੰਮ 2:38 ਆਦਿ ਦੀ ਵਰਤੋਂ ਕਰਦਿਆਂ ਮੁਕਤੀ ਲਈ ਖ਼ੁਦਾ ਦੇ ਵਾਅਦੇ ਜੋੜੇ ਜਾ ਸਕਦੇ ਹਨ। ਜੇ ਅਸੀਂ ਅਜਿਹੀਆਂ ਆਇਤਾਂ ਵਿਚ ਦਿੱਤੇ ਵਾਅਦਿਆਂ ਤੇ ਯਕੀਨ ਰੱਖਦੇ ਹਾਂ ਤਾਂ ਅਸੀਂ ਉਨ੍ਹਾਂ ਵਿਚ ਦਿੱਤੇ ਹੁਕਮਾਂ ਨੂੰ ਮੰਨਾਗੇ ਵੀ।

© 2009 Truth for Today